
ਬੁਸ਼ਰਾ ਏਜਾਜ਼
ਭੁਲੇਖਾ
www.PunjabiLibrary.com

*ਬੁਸ਼ਰਾ ਏਜ਼ਾਜ਼ ਦਾ ਜਨਮ ਲਹੌਰ, ਪਾਕਿਸਤਾਨ ਵਿਖੇ 18 ਮਈ 1959 ਨੂੰ ਹੋਇਆ। ਅਪਣੀ ਬੀ.ਏ. ਤੱਕ ਦੀ ਤਾਲੀਮ ਪੂਰੀ ਕਰਨ ਤੋਂ ਬਾਦ ਉਨ੍ਹਾਂ ਨੇ 1989 ਵਿਚ ਅਪਣਾ ਅਦਬੀ ਸਫ਼ਰ ਸ਼ੁਰੂ ਕੀਤਾ। ਉਨ੍ਹਾਂ ਦੀਆਂ ਕਿਤਾਬਾਂ ਸਫਰਨਾਮਾ: ਅਰਜ਼ਿਹਾਲ ਅਤੇ ਆਂਖੇਂ ਦੇਖਤੀ ਰਹਿਤੀ ਹੈਂ; ਜੀਵਨੀ: ਰਾਹ ਨਵਰਦਿ ਸ਼ੌਕ; ਅਫ਼ਸਾਨਾ: ਬਾਰਾਂ ਆਨੇ ਕੀ ਔਰਤ ਅਤੇ ਆਜ ਕੀ ਸ਼ਹਿਰਜਾਦ; ਪੰਜਾਬੀ ਸ਼ਾਇਰੀ: ਭੁਲੇਖਾ ਅਤੇ ਪੱਬਾਂ ਭਾਰ ਅਤੇ ਤਾੱਸੁਰਾਤ (ਕਾਲਮ) ਅਤੇ ਈਮਾਨ ਦੀ ਕਹਾਣੀ (ਪੰਜਾਬੀ ਨਾਵਲਿਟ) ਹਨ। ਬੁਸ਼ਰਾ ਏਜ਼ਾਜ਼ ਨੇ ਪੰਜਾਬੀ ਸ਼ਾਇਰੀ ਅਤੇ ਵਾਰਤਕ ਨੂੰ ਸ਼ਹਿਰੀ ਲਹਿਜ਼ੇ, ਰਲੀਮਿਲੀ ਸ਼ਬਦਾਵਲੀ ਅਤੇ ਨੀਮ-ਆਧੁਨਿਕਤਾ ਦੀ ਜਿਲ੍ਹਣ ਵਿਚੋਂ ਕੱਢ ਕੇ ਠੇਠ ਪੰਜਾਬੀ ਜੁਬਾਨ, ਸਥਾਨਕ ਬਿੰਬਾਵਲੀ ਅਤੇ ਮੁਹਾਵਰਿਆਂ ਰਾਹੀਂ ਧਰਤੀ ਨਾਲ ਜੁੜੇ ਆਮ ਲੋਕਾਂ ਦੀਆਂ ਜੀਵਨ ਹਕੀਕਤਾਂ ਨੂੰ ਇੰਨ-ਬਿੰਨ ਪੇਸ਼ ਕੀਤਾ ਹੈ। ਉਨ੍ਹਾਂ ਦੇ ਇਸ ਪ੍ਰਯੋਗ ਨੇ ਅਦਬੀ ਸਫ਼ਰ ਦੇ ਮੁਢਲੇ ਪੜਾਵਾਂ ਵਿਚ ਹੀ ਉਨ੍ਹਾਂ ਨੂੰ ਸਫਲਤਾ ਦੀਆਂ ਬੁਲੰਦੀਆਂ ਤੇ ਪੁਚਾਅ ਦਿੱਤਾ ਹੈ ਅਤੇ ਅੱਜ ਉਹ ਇਕ ਮਕਬੂਲ ਅਦਬੀ ਸ਼ਖਸੀਅਤ ਵੱਜੋਂ ਉੱਭਰ ਕੇ ਸਾਡੇ ਸਾਮ੍ਹਣੇ ਹਨ।*

# ਭੁਲੇਖਾ

## ਬੁਸ਼ਰਾ ਏਜ਼ਾਜ਼

ਲਿਪੀਆਂਤਰ
ਇੰਦਰ ਸਿੰਘ ਰਾਜ਼
ਸਰਦਾਰਾ ਸਿੰਘ ਚੀਮਾ

logo and Imprint is owned by Unistar Books Pvt. Ltd.
*© 2005*

# Bhulekha

by

Bushra Ezaz

Transcription by

Inder Singh Raz, Sardara Singh Cheema

2005
P1128-B040
Published by Lokgeet Parkashan
S.C.O. 26-27, Sector 34 A, Chandigarh-160022,
Ph.0172-5077427, 5077428
*email:unistar_mark@rediffmail.com*
Type Setting & Design PCIS
Printed & bound at Savitar Press, Chandigarh
Ph:0172-5075710
*email:savitarpress@rediffmail.com*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned*

ਅੰਦਰੋਂ ਘਰ ਅਬਾਦ ਕਰਾਂ, ਨਾ ਬਾਹਰੋਂ ਰੰਗ ਕਰਾਂ
ਨਾ ਹੀ ਉਹਨੂੰ ਛੱਡ ਸਕਾਂ, ਨਾ ਉਹਦਾ ਸੰਗ ਕਰਾਂ

*ਭੂਮਿਕਾ ਵਜੋਂ*

# ਪੰਜਾਬ ਦੀ ਔਰਤ

ਪੰਜਾਬ ਕਿੱਡਾ ਸੁਹਣਾ, ਵੱਖਰਾ ਤੇ ਨਿਵੇਕਲਾ ਨਾਂ। ਪੰਜਾਬੀ ਪਾਣੀਆਂ ਨਾਲ ਵੱਸਦਾ। ਲਹਿਲਹਾਂਦੀਆਂ ਫ਼ਸਲਾਂ, ਦਿਲ ਨੂੰ ਮੋਹ ਲੈਣ ਵਾਲੀ ਜੁਬਾਨ ਤੇ ਏਸ ਜੁਬਾਨ ਵਿਚ ਲਿਖੇ ਜਾਣ ਵਾਲੇ ਟੱਪੇ, ਢੋਲੇ, ਮਾਹੀਏ, ਗੀਤ ਤੇ ਲੋਕ ਦਾਸਤਾਨਾਂ ਇਹਦੇ ਮੱਥੇ ਦਾ ਝੁੰਮਰ ਤੇ ਇਹਦੇ ਰੂਪ ਦਾ ਸ਼ਿੰਗਾਰ ਨੇ। ਪੰਜਾਬ ਉੱਚਿਆਂ ਤੇ ਸੁੱਚਿਆਂ ਬੰਦਿਆਂ ਦੀ ਧਰਤੀ; ਦੁੱਲੇ ਭੱਟੀ, ਕਰਤਾਰ ਸਿੰਘ ਸਰਾਭਾ, ਭਗਤ ਸਿੰਘ ਤੇ ਅਹਿਮਦ ਖਾਂ ਖਰਲ ਜਿਹਿਆਂ ਸਪੂਤਾਂ ਦੀ ਧਰਤੀ। ਬਾਬਾ ਗੁਰੂ ਨਾਨਕ, ਡਾ. ਮੁਹੰਮਦ ਇਕਬਾਲ, ਬਾਬਾ ਬੁੱਲ੍ਹੇ ਸ਼ਾਹ, ਪੀਰ ਵਾਰਸ ਸ਼ਾਹ, ਸ਼ਾਹ ਹੁਸੈਨ ਤੇ ਬਾਬਾ ਫਰੀਦ ਦੀ ਧਰਤੀ। ਕਸਰਤ ਵਿਚ ਵਹਿਦਤ (ਇਕ) ਲੱਭਣ ਵਾਲਿਆਂ ਸੂਫ਼ੀ ਸੰਤਾਂ ਦੀ ਧਰਤੀ। ਕਲਮ ਦੱਬੀ ਜੁਬਾਨ ਨਾਲ ਦਿਲਾਂ ਦੇ ਅੰਦਰ ਠਠੰਬਰ ਕੇ ਖਲੋਤੇ ਹੋਏ ਜਜਬਿਆਂ ਦੇ ਭੇਤ ਲਿਖਣ ਵਾਲਿਆਂ ਦੀ ਧਰਤੀ ਤੇ ਸੁਫ਼ਨਿਆਂ ਤੇ ਨੀਂਦਰਾਂ ਦੇ ਵਿਚਕਾਰ ਖਲੋਤੀਆਂ ਤੂਤ ਦੀਆਂ ਲਗਰਾਂ ਵਾਂਗ ਹਰੀਆਂ ਭਰੀਆਂ ਜਨਾਨੀਆਂ ਦੀ ਧਰਤੀ, ਜਿਹਦੇ ਉਤੇ ਚੰਨ ਤੇ ਤਾਰੇ ਸਮਿਆਂ-ਸਮਿਆਂ 'ਤੇ ਗਿੱਧੇ ਪਾਂਦੇ ਨੇ ਤੇ ਰੁੱਤਾਂ ਭੇਤਾਂ ਵਾਲੀਆਂ ਜਿਉਂਦੀਆਂ ਜਾਗਦੀਆਂ ਨੇ ਤੇ ਉਨ੍ਹਾਂ ਰੁੱਤਾਂ ਵਿੱਚ ਸਾਹ ਲੈਂਦੀ ਪੰਜਾਬ ਦੀ ਔਰਤ-ਲੋਕ ਦਾਸਤਾਨਾਂ ਦੀ ਔਰਤ ਆਪਣੇ ਵੰਨ ਸਵੰਨਿਆਂ ਰੂਪਾਂ ਵਿੱਚ ਸਾਨੂੰ ਆਪਣੇ ਆਲੇ ਦੁਆਲੇ ਦਿਸਦੀ ਏ। ਕਦੀ ਹੱਸਦੀ, ਕਦੀ ਰੋਂਦੀ, ਕਦੀ ਬੇਲਿਆਂ ਵਿੱਚ ਰਾਂਝਣਾਂ ਨੂੰ ਚੂਰੀਆਂ ਖੁਆਂਦੀ, ਕਦੀ ਜਹਿਰਾਂ ਚੱਖਦੀ, ਕੱਚੇ ਘੜੇ 'ਤੇ ਝਨਾਂ ਪਾਰ ਕਰਦੀ, ਤੇ ਲਹਿਰਾਂ ਦੇ ਨਾਂ ਡਾਢੇ ਛੱਲ (ਲਹਿਰ) ਵਿਚ ਸਾਹ-ਸਾਹ ਡੁੱਬਦੀ, ਕਦੀ ਦਿਲਾਂ ਦੀਆਂ ਸੁੰਞੀਆਂ ਗਲੀਆਂ ਵਿਚ ਮਿਰਜੇ ਯਾਰ ਨੂੰ ਖਿਡਾਉਂਦੀ, ਕਦੀ ਮੌਤ ਦੇ ਹੱਥ ਵਿਚ ਖੇਡਦੀ। ਜਿਹੜੀ ਔਰਤ ਸਾਨੂੰ ਨਜਰੀਂ ਆਉਂਦੀ ਉਹ ਹੀ ਪੰਜਾਬ ਤੇ ਉਹਦੀਆਂ ਲੋਕ ਦਾਸਤਾਨਾਂ ਦੀ ਅਸਲੀ, ਸੁੱਚਲੀ ਤੇ ਸੁਚਰਲ ਔਰਤ ਏ, ਜਿਹੜੀ ਕਦੀ ਲੋਕ ਦਾਸਤਾਨਾਂ ਦਾ ਕਿਰਦਾਰ ਬਣਕੇ ਤਾਰੀਖ ਦਾ ਲੰਘਣਾ ਹੋਇਆ, ਪਰ ਸਦਾ ਲਈ ਜਿਉਂਦਾ ਹਿੱਸਾ ਬਣ ਜਾਂਦੀ ਏ ਤੇ ਕਦੀਂ ਸਾਨੂੰ ਆਪਣੇ ਆਲੇ ਦੁਆਲੇ ਹਮੇਸ਼ ਦੀ ਮੌਜੂਦਗੀ ਦਾ ਭਰਵਾਂ ਇਜਹਾਰ ਕਰਦੀ ਮਹਿਸੂਸ ਹੁੰਦੀ ਏ, ਜਿਹੜੀ ਪੈਲੀਆਂ ਵਿਚ ਕਣਕਾਂ ਵੀ ਵੱਢਦੀ ਏ, ਹਾਲੀਆਂ ਲਈ ਲੱਸੀ ਤੇ ਭੱਤਾ ਵੀ ਲੈ ਕੇ ਜਾਂਦੀ ਏ, ਸਰਿਉਂ ਦਾ ਸਾਗ ਵੀ ਚੁਣਦੀ ਏ, ਡੰਗਰ ਵੀ ਚਾਰਦੀ ਏ, ਚਰਖ਼ਾ ਵੀ ਕੱਤਦੀ ਏ ਤੇ ਪੂਣੀਆਂ ਵੀ ਵੱਟਦੀ ਏ, ਚਾਰਾ ਵੀ ਕੁਤਰਦੀ ਏ, ਦੁੱਧ ਵੀ ਰਿੜਕਦੀ ਏ, ਤੇ ਚੱਕੀ ਵੀ ਪੀਸਦੀ ਏ। ਰਾਂਗਲੀਆਂ ਪੱਖੀਆਂ ਵੀ ਝੱਲਦੀ ਤੇ ਉੱਚੇ ਪੀਹੜੇ 'ਤੇ ਵੀ ਬਹਿੰਦੀ ਏ, ਬਾਬਲ ਦੇ ਬੂਹੇ ਦੀ ਮੁਹਾਠ ਫੜ ਕੇ ਆਪਣੇ ਹੱਕ ਦੀ ਅਵਾਜ ਵੀ ਚੁੱਕਦੀ ਏ ਤੇ ਡੋਲੀ ਵਿਚੋਂ ਮੈਨੂੰ ਲੈ ਚੱਲੇ ਵੇ-ਵੈਣ ਵੀ ਪਾਂਦੀ ਏ।

ਪੰਜਾਬ ਦੀ ਧਰਤੀ ਲੋਕ ਦਾਸਤਾਨਾਂ ਤੇ ਉਨ੍ਹਾਂ ਵਿਚ ਸਾਹ ਲੈਂਦੀਆਂ

ਔਰਤਾਂ ਦੇ ਅਜ਼ਲ (ਆਦਿ/ਸ਼ੁਰੂ) ਦੀ ਨਾ ਸਿਰਫ਼ ਜਾਣੂ ਏ, ਬਲਕਿ ਉਨ੍ਹਾਂ ਦੇ ਜੰਮਣ ਮਰਨ ਦਾਸਤਾਨ ਬਣ ਜਾਣ ਵਾਲਿਆਂ ਵੇਲਿਆਂ ਨਾਲ ਵੀ ਉਹਦੀ ਗੂੜ੍ਹੀ ਸਾਂਝ ਏ। ਪੰਜਾਬ ਦੀ ਧਰਤੀ ਜਿਹੜੀ ਆਪਣੇ ਵਾਸੀਆਂ ਨਾਲ ਸਾਹ ਨਾਲ ਸਾਹ ਲੈਣ ਦੀ ਆਦੀ ਏ, ਨਾਲੇ ਆਪਣੀਆਂ ਧੀਆਂ ਦੀ ਲੱਜ ਤੇ ਗ਼ੈਰਤ ਦਾ ਵੀ ਇਕ ਵੱਡਾ ਨਿਸ਼ਾਨ ਏ, ਓਹਦੇ ਉੱਤੇ ਜੰਮਣ ਤੇ ਉਹਦੇ ਅੰਦਰ ਫਨਾਹ ਹੋ ਜਾਣ ਵਾਲਿਆਂ ਵੇਲਿਆਂ ਦੀ ਗੱਲ ਛੁਹਣ ਲੱਗਿਆਂ ਮੈਨੂੰ ਏਸ ਧਰਤੀ ਦੇ ਵਾਸੀਆਂ ਦੇ ਸੁਪਨਿਆਂ ਤੇ ਨਿਰੋਲ ਜਜਬਿਆਂ ਦੀਆਂ ਹਕੀਕਤਾਂ ਵੀ ਦਿਸਦੀਆਂ ਨੇ ਤੇ ਉਨ੍ਹਾਂ ਖ਼ਲਕਤਾਂ ਦੀਆਂ ਅੱਖਾਂ ਵਿਚ ਅੱਖਾਂ ਪਾਕੇ ਆਪਣੀਆਂ ਪੂਰੀਆਂ ਸੱਚਿਆਈਆਂ ਨਾਲ ਸੱਚੀਮੁੱਚੀ ਆਪਣੇ ਭਾਰ ਖਲੋਤੀਆਂ ਉਹ ਵੀ ਦਿਸਦੀਆਂ ਨੇ ਜਿਹੜੀਆਂ ਸਾਰਿਆਂ ਧਰਤ ਵਾਸੀਆਂ ਦੀ ਧਰਤੀ ਨਾਲ ਗੂੜ੍ਹੀ ਸਾਂਝ ਇੰਝ ਪਾਂਦੀਆਂ ਨੇਃ-

ਨੀ ਮਿੱਟੀ ਤੈਨੂੰ ਆਪਣਾ ਜਾਤਾ ਤੇਰਾ ਦਰਦ ਪਛਾਤਾ
ਅਸਾਂ ਬਹਿ ਕੇ ਸੀਤਾ ਤੇਰਾ ਭੋਸ਼ਨ ਪਾਟਾ
ਤੇਰੇ ਇਕ ਇਕ ਲੂੰ ਤੋਂ ਅਸੀਂ ਸਦਕੇ ਹੋਏ
ਤੈਥੇ ਜਿਹਦੇ ਮੋਢਿਆਂ 'ਤੇ ਰੱਜ ਰੱਜ ਰੋਏ।

ਮਿੱਟੀ ਦਾ ਪਾਟਾ ਭੋਸ਼ਨ (ਲਿਬਾਸ) ਸੀਣ ਵਾਲੀਆਂ ਤੇ ਉਹਦੇ ਇਕ-ਇਕ ਲੂੰ ਤੇ ਸਦਕੇ ਹੋਣ ਵਾਲੀਆਂ ਪੰਜਾਬ ਦੀਆਂ ਧੀਆਂ ਸਾਡੇ ਤੋਂ ਕਿਤੇ ਵੱਧ ਨੇ। ਸਾਡੇ ਤੋਂ ਕਿਤੇ ਦੂਰ ਨਹੀਂ। ਸਾਡੇ ਅੰਦਰ ਬਾਹਰ ਮੌਜੂਦ ਨੇ। ਜਿਊਂਦੀਆਂ ਤੇ ਸਾਬਤ ਸਬੂਤੇ ਸਾਹ ਲੈਂਦੀਆਂ ਉਹ ਵਾਰੋ ਵਾਰ ਇਹੋ ਕਹਿੰਦੀਆਂ ਨੇ

ਇਸ਼ਕੋਂ ਨੱਸ ਕੇ ਬੰਦਾ ਕਿਧਰ ਜਾਏ
ਜਾਨ ਦੀਆਂ ਕੁਰਬਾਨੀਆਂ ਇਸ਼ਕਾਂ ਦੀ ਜਰੂਰਤ ਨੇ।

ਪੀਰ ਵਾਰਿਸ ਸ਼ਾਹ ਨੇ ਹੀਰ ਦੇ ਦਰਦ ਫਿਰਾਕ (ਵਿਛੋੜਾ) ਹੀਰ ਦੀ ਜ਼ੁਬਾਨੀ ਬਾਰਾਂ ਮਾਸੇ (ਮਹੀਨੇ) ਵਿਚ ਬਿਆਨ ਕੀਤਾ ਏ ਜਿਹਦੀ ਮਿਸਾਲ ਖ਼ਾਜਾ ਗੁਲਾਮ ਫਰੀਦ ਦੀਆਂ ਕਾਫ਼ੀਆਂ, ਮੀਰਾ ਬਾਈ ਦਿਆਂ ਭਜਨਾਂ ਤੇ ਗ਼ਜਲ ਉਲ ਗ਼ਜਲਾਤ ਤੋਂ ਇਲਾਵਾ ਅਦਬ ਦੀ ਦੁਨੀਆਂ ਵਿਚ ਕਿਤੇ ਨਹੀਂ ਮਿਲਦੀ। ਜਨਾਨੀ ਦੀ ਜੁਬਾਨੀ ਬਿਰਹਾ ਦੇ ਦੁੱਖ ਤੇ ਵਸਾਲ ਦੇ ਸ਼ੌਕ ਪੰਜਾਬ ਦਿਆਂ ਸੂਫ਼ੀ ਸ਼ਾਇਰਾਂ ਦੀ ਰਵਾਇਤ ਏ। ਉਨ੍ਹਾਂ ਰੱਬ ਨਾਲ ਆਪਣੇ ਇਸ਼ਕ ਦਾ ਇਜਹਾਰ ਜਨਾਨੀ ਦੀ ਜੁਬਾਨੀ ਈ ਕੀਤਾ ਏ। ਬਾਬਾ ਬੁੱਲ੍ਹੇ ਸ਼ਾਹ ਕਹਿੰਦੇ ਨੇ-

ਇਕ ਰਾਂਝਾ ਮੈਨੂੰ ਲੋੜੀਦਾ
ਕੁਨ ਫੀ ਕੁਨੋ ਅੱਗੇ ਦਿਆਂ ਲੱਗਿਆਂ
ਨਿਹੁੰ ਨਾਲ ਲੱਗੜਾ ਚੋਰੀ ਦਾ
ਇਕ ਰਾਂਝਾ ਮੈਨੂੰ ਲੋੜੀਦਾ

ਆਪ ਟੁਰ ਜਾਂਦਾ ਨਾਲ ਮੱਝੀਂ ਦੇ ਸਾਨੂੰ
ਕਿਉਂ ਬੇਲਿਉਂ ਹੋੜੀਦਾ
ਰਾਂਝੇ ਜਿਹਾ ਮੈਨੂੰ ਹੋਰ ਨਾ ਕੋਈ
ਕਰ ਕਰ ਮਿਨਤਾਂ ਮੋੜੀਦਾ।

ਰੱਬ ਨਾਲ ਇਸ਼ਕ ਦੀ ਜਨਾਨੀ ਦੀ ਜ਼ੁਬਾਨੀ ਇਜਹਾਰ ਦੀ ਇਹ ਰਿਵਾਇਤ ਜਿਹੜੀ ਸਿੰਧੀ, ਬੰਗਾਲੀ, ਹਿੰਦੀ ਤੇ ਪੰਜਾਬੀ ਵਿਚ ਮੌਜੂਦ ਏ, ਇਹ ਸ਼ਾਇਰੀ ਰਾਹੀਂ ਹੜੱਪਾ, ਮਹਿੰਜੋਦੜੋ ਤੇ ਮਾਦਰੀ ਨਿਜਾਮ, ਮਆਸ਼ਰੇ (ਸੱਭਿਆਚਾਰ) ਤੀਕ ਅੱਪੜਦੀ ਏ। ਕਦੀਮ (ਪਰਾਚੀਨ) ਮਿਸਰ ਦੇ ਸ਼ੁਰੂ ਵਾਲੇ ਦੌਰ ਦੇ ਮਾਦਰੀ ਮਆਸ਼ਰੇ ਦੇ ਨਿਜਾਮ ਵਿਚ ਸਮਾਜੀ ਲਿਹਾਜ ਨਾਲ ਜਨਾਨੀ ਨੂੰ ਮਰਦ ਉਤੇ ਫੋਕੀਅਤ (ਬਡੱਪਣ) ਹਾਸਲ ਸੀ। ਉਸ ਜਮਾਨੇ ਵਿਚ ਜਨਾਨੀ ਵੀ ਇਸ਼ਕ ਦੇ ਇਜਹਾਰ ਵਿਚ ਪਹਿਲ ਕਰਦੀ ਸੀ। ਸ੍ਰੀ ਕ੍ਰਿਸ਼ਨ ਤੇ ਰਾਧਾ ਦਾ ਇਸ਼ਕ ਉਸੇ ਮਆਸ਼ਰੇ ਦੀ ਯਾਦਗਾਰ ਏ ਤੇ ਬਕੌਲ (ਕਥਨ) ਪ੍ਰੋਫੈਸਰ ਰਾਧਾ ਕ੍ਰਿਸ਼ਨਨ ਗੋਰੇ ਚਿੱਟੇ ਆਰੀਆਵਾਂ ਦਾ ਦੇਵਤਾ ਕਾਲੇ ਰੰਗ ਵਾਲਾ ਕ੍ਰਿਸ਼ਨ ਨਹੀਂ ਹੋ ਸਕਦਾ। ਸ਼ਿਵ ਤੇ ਕਾਲੀ ਦੇ ਨਾਲ ਸ੍ਰੀ ਕ੍ਰਿਸ਼ਨ ਵੀ ਹੜੱਪਾ ਤੇ ਮਹਿੰਜੋਦੜੋ ਦੀ ਦੇਵਮਾਲਾ (ਮਿੱਥਹਾਸ) ਤੋਂ ਆਰੀਆਈ ਦੇਵਮਾਲਾ ਵਿੱਚ ਆਇਆ ਸੀ। ਗੀਤਾ ਦਾ ਫਲਸਫੀ ਕ੍ਰਿਸ਼ਨ ਉਸ ਦੇਵਤਾ ਦਾ ਆਰੀਆਈ ਰੂਪ ਏ। ਜਦੋਂ ਕਿ ਬਿੰਦਰਾਬਨ ਦਾ ਮੱਖਣਚੋਰ ਰਾਧਾ ਦਾ ਮਹਿਬੂਬ ਤੇ ਗੋਪੀਆਂ ਦਾ ਕਾਹਨ ਉਹਦਾ ਦਰਾਵੜੀ ਰੂਪ ਏ ਜਿਹੜਾ ਅੱਜ ਵੀ ਹਿੰਦੁਸਤਾਨ ਵਿੱਚ ਬਾਕੀ ਏ। ਗੀਤਾ ਵਿਚ ਰਾਧਾ ਸ੍ਰੀ ਕ੍ਰਿਸ਼ਨ ਨਾਲ ਇਸ਼ਕ ਦਾ ਇਜਹਾਰ ਕਰਦੀ ਏ। ਔਰਤ ਦੇ ਇਜਹਾਰ ਦੀ ਏਸ ਰਵਾਇਤ ਨੂੰ ਸਾਡੇ ਸੂਫੀ ਸ਼ਾਇਰਾਂ ਆਪਣੀ ਸ਼ਾਇਰੀ ਦੇ ਇਜਹਾਰ ਦਾ ਜਿਉਂਦਾ ਤੇ ਜਾਗਦਾ ਹਿੱਸਾ ਬਣਾਇਆ ਏ। ਹੀਰ ਬਾਰਾਂ ਮਾਹੇ ਵਿਚ ਕਹਿੰਦੀ ਏ

ਅੱਸੂ ਮਾਹ ਦੇ ਵਿਚ ਸਹੇਲਿਉ ਨੀ, ਮੇਰਾ ਜੀ ਚਾਹੇ ਬੇਲੇ ਜਾਵਣੇ ਨੂੰ
ਪੇਕੇ ਹੋਵਦੀ ਤੇ ਬੇਲੇ ਜਾਂਵਦੀ ਸਾਂ, ਰਾਂਝੇ ਯਾਰ ਦੇ ਅੰਗ ਲਗਾਵਣੇ ਨੂੰ
ਦਰਦ ਖਾਹ ਰਾਂਝੇ ਬਾਝ ਕੌਣ ਹੋਵੇ, ਬੰਦੀ ਹੀਰ ਦੀ ਪੀੜ ਵਟਾਵਣੇ ਨੂੰ
ਤੱਤੀ ਹੀਰ ਬਿਮਾਰ ਦਾ ਵੈਦ ਰਾਂਝਾ, ਕਦੋਂ ਆਵਸੀ ਰੋਗ ਗੁਆਵਣੇ ਨੂੰ

ਲੋਕ ਦਾਸਤਾਨਾਂ ਵਿਚ ਜਿਹੜੀ ਔਰਤ ਸਾਨੂੰ ਸਾਹ ਲੈਂਦੀ ਤੇ ਹਿਯਾਤੀ ਦੀ ਚੁੰਨੀ ਨੂੰ ਰੰਗਦੀ ਦਿਸਦੀ ਏ, ਉਹਦੇ ਜੁਜ (ਹਿੱਸਾ) ਤੇ ਕਈ ਨੇ, ਰੰਗ ਤੇ ਕਈ ਨੇ, ਹੰਝੂ, ਸੁਫਨੇ ਤੇ ਹਾਸੇ ਬਹੁੰ ਸਾਰੇ ਨੇ। ਪਰ ਨਾ ਇਕੋ ਈ ਏ। ਇਕੋ, ਆਖੋ ਨੀ ਮੈਨੂੰ ਧੀਦੋ ਰਾਂਝਾ, ਸਿਰਫ਼ ਇਸ਼ਕ ਜਿਹਦੇ ਬਾਰੇ ਵਿਚ ਦਾਸਤਾਨਾ ਕਹਿਣ ਵਾਲਿਆਂ ਆਪਣੇ ਕਿਰਦਾਰਾਂ ਦੀ ਜ਼ੁਬਾਨੀ ਇਕੋ ਹੀ ਗੱਲ ਦਾ ਪ੍ਰਚਾਰ ਕੀਤਾ ਏ। ਇਸ਼ਕ ਦੀ ਤਖ਼ਲੀ ਕਿ (ਪੈਦਾ ਹੋਣਾ) ਆਦਮ ਦਾ ਸਬੱਬ ਏ। ਜ਼ੁਹਦ ਤੇ ਰਿਆਸਤ (ਭਗਤੀ) ਵੀ ਇਸ਼ਕ ਤੋਂ ਬਗੈਰ ਕੁਝ ਨਹੀਂ। ਇਸ਼ਕ ਮੁਸਤਕਿਲ (ਪੱਕਾ) ਕੀਤੇ ਜਾਣ ਵਾਲਾ ਅਮਲ (ਕੰਮ) ਏ। ਆਸ਼ਕਾਂ ਦਾ ਮਜਹਬ ਰਾਸਿਖ਼ (ਪੱਕਾ) ਏ। ਇਹ ਝੂਠੀਆਂ ਇੱਜਤਾਂ ਤੇ ਸ਼ਾਨਾਂ ਤੋਂ ਦੂਰ ਹੋਂਦੇ ਨੇ। ਆਰਿਫ਼ (ਗਿਆਨੀ) ਤੇ ਆਸ਼ਿਕ ਦੋਹੇਂ ਮਹਿਬੂਬ ਦਾ ਦੀਦਾਰ ਚਾਂਹਦੇ ਨੇ। ਦੋਨੋ ਦਾ ਮਕਸਦ ਇਕ ਤੇ ਹੀਲਾ ਵੱਖੋ ਵੱਖ ਹੋਂਦਾ ਏ।

ਪੰਜਾਬ ਦੀ ਤਾਰੀਖ਼ ਤੇ ਦਾਸਤਾਨਾਂ ਦੇ ਵਰਕੇ ਫੋਲੀਏ ਤੇ ਸਾਨੂੰ ਔਰਤ ਦਾ ਕੱਲ੍ਹ ਅੱਜ ਤੇ ਕੱਲ੍ਹ ਕਦੀ ਤੇ ਗੁਆਚਿਆ ਹੋਇਆ ਲਗਦਾ ਏ ਤੇ ਕਦੀ ਉਹ ਪੂਰੀਆਂ ਸ਼ਨਾਖਤਾਂ ਨਾਲ ਆਪਣੇ ਪੈਰਾਂ ਭਾਰ ਖਲੋਤੀ ਦਿਸਦੀ ਏ। ਕਦੀਂ ਉਹਦੇ ਸਾਹ ਅਧ ਭੁੜਕੇ ਲਗਦੇ ਨੇ ਤੇ ਕਦੀ ਉਹ ਪੂਰਿਆਂ ਸਾਹਵਾਂ ਨਾਲ ਜਿਉਂਦੀ ਲਗਦੀ ਏ। ਕਦੀ ਪੈਰ ਪੈਰ ਹਾਸਾ ਤੇ ਕਦੀ ਲੂੰ ਲੂੰ ਅਥਰੂ, ਕਦੀ ਗਲ ਗਲ ਜਿੱਲਤਾਂ ਤੇ ਰੁਸਵਾਲੀਆਂ (ਬੇਇਜੱਤੀ) ਦੇ ਚਿੱਕੜ ਖੋਭਿਆ ਵਿਚ ਡੁੱਬੀ ਹੋਈ ਤੇ ਕਦੀ ਇੱਜਤਾਂ ਤੇ ਮਾਨ ਨਾਲ ਸਜੀ ਸੰਵਰੀ ਹੋਈ ਸੀ। ਭੈਣ, ਮਾਂ, ਬੀਵੀ ਤੇ ਭਰਜਾਈ, ਜਿੰਨੇ ਵੀ ਉਹਦੇ ਰੂਪ ਨੇ ਉਨੇ ਹੀ ਇਹਦੇ ਦੁੱਖ ਵੀ ਨੇ, ਉਨੀਆਂ ਈ ਪੀੜਾਂ ਤੇ ਉਨੇ ਈ ਸੂਲ (ਦੁੱਖ) ਤਿੱਖੇ, ਡਾਢੇ ਤੇ ਭੈੜੇ ਲੂੰ ਲੂੰ ਚੋਭਿਆਂ ਨਾਲ ਪਰੋਤੀ ਹੋਈ ਤੇ ਵਾਲ-ਵਾਲ ਰਿਸ਼ਤਿਆਂ ਦਿਆਂ ਕਰਜਿਆਂ ਵਿਚ ਬੰਨ੍ਹੀ ਹੋਈ ਕਦੀ ਪੁੱਤਰ ਦਾ ਪਿਆਰ ਪੈਰਾਂ ਦਾ ਸੰਗਲ ਬਣਦਾ ਏ, ਤੇ ਕਦੀ ਭਰਾ ਝੂਠੀਆਂ ਗੈਰਤਾਂ ਦੇ ਝੇੜੇ ਪਾ ਕੇ ਟੁਰਦੀ ਦਾ ਰਾਹ ਡੱਕਦਾ ਏ ਤੇ ਕਦੀ ਪਿਉ ਦੇ ਉੱਚੇ ਸ਼ਮ੍ਹਲੇ (ਤੁਰਲਾ) ਦੀ ਤੱਤੀ ਛਾਂ ਹੇਠ ਉਹਦਾ ਮਲੂਕ ਪਿੰਡਾ ਸੜਦਾ ਏ। ਉਹ ਕੀ ਕਰੇ ਜੇ ਉਹ ਹੀਰ ਸਹਿਬਾਂ ਤੇ ਸੋਹਣੀ ਏ ਤੇ ਤਾਂ ਉਹਨੇ ਇਸ਼ਕ ਦਾ ਝਨਾਅ ਕੱਚੇ ਘੜੇ 'ਤੇ ਤਰ ਕੇ ਪਾਰ ਕਰਨਾ ਏ। ਤੇ ਆਸ਼ਕੀ ਦਿਆਂ ਬੇਲਿਆਂ ਵਿਚ ਤੱਤੜੀਆਂ ਜੁਦਾਈਆਂ ਦੀਆਂ ਚੂਰੀਆਂ ਖਾਣੀਆਂ ਏ। ਤੇ ਸੁੰਞੀਆਂ ਗਲੀਆਂ ਵਿਚ ਰੁੱਠੇ ਯਾਰ ਨੂੰ ਮਨਾਉਣ ਲਈ ਉਮਰਾਂ ਦੀਆਂ ਸ਼ਾਖਾਂ ਤੋਂ ਕੱਚੇ ਫ਼ਲ ਤੋੜਨੇ ਨੇ। ਤੇ ਜੇ ਉਹ ਅੱਜ ਤੇ ਕੱਲ੍ਹ ਦੀ ਪੰਜਾਬੀ ਔਰਤ ਏ ਤੇ ਨਾਲ ਹੀ ਏਸ ਸਮਾਜ ਨੇ ਉਹਨੂੰ ਹੀਰਾਂ, ਸਾਹਿਬਾਂ ਤੇ ਸੁਹਣੀਆਂ ਦਿਆਂ ਉਨ੍ਹਾਂ ਜੁਰਮਾਂ ਦੀਆਂ ਸਜਾਵਾਂ ਜ਼ਰੂਰ ਦੇਣੀਆਂ ਨੇ, ਜਿਹੜੇ ਉਨ੍ਹਾਂ ਨੇ ਕੀਤੇ ਸਨ, ਪਰ ਜਿਨ੍ਹਾਂ ਨੂੰ ਜਰਨਾ ਉਨ੍ਹਾਂ ਦਾ ਮੁਕੱਦਰ ਸੀ। ਤੇ ਇਹ ਮੁਕੱਦਰ ਕਿਹਨੇ ਲਿਖਿਆ- ਸਮਾਜ ਨੇ, ਮਜਹਬ ਨੇ, ਮਾਅਸ਼ਰੇ ਨੇ ਯਾ ਸੱਚ ਤੇ ਖੈਰ ਦੀਆਂ ਦੁਸ਼ਮਣ ਸਾਮਰਾਜੀ ਤਾਕਤਾਂ ਨੇ। ਇਹ ਸੁਆਲ ਹਮੇਸ਼ਾ ਤੋਂ ਜੁਆਬ ਚਾਂਹਦਾ ਏ। ਪਰ ਹਾਲੇ ਤੀਕ ਪੰਜਾਬ ਦੀ ਜਨਾਨੀ ਨੂੰ ਇਹ ਜੁਆਬ ਪੂਰਾ ਤੇ ਸਬੂਤਾ ਲੱਭਿਆ ਨਹੀਂ। ਉਂਝ ਵੀ ਜੇ ਸਮਾਜ ਦੀ ਅੱਖ ਨਾਲ ਵੇਖੀਏ ਤੇ ਅੱਜ ਵੀ ਪੰਜਾਬੀ ਔਰਤ ਦੇ ਜੁਰਮ ਤੇ ਬਹੁੰ ਸਾਰੇ ਨੇ। ਪੜ੍ਹਨਾ, ਲਿਖਣਾ, ਰੋਜਗਾਰ ਲਈ ਘਰੋਂ ਬਾਹਰ ਨਿਕਲਣਾ, ਖਾਨਦਾਨੀ ਵਿਰਾਸਤਾਂ 'ਚੋਂ ਹਿੱਸਾ ਮੰਗਣਾ, ਸ਼ਖਸੀ ਆਜ਼ਾਦੀ ਦਾ ਹੱਕ, ਆਪਣੀ ਪਛਾਣ ਦਾ ਹੱਕ, ਗੁੱਡੀ ਦਾ ਦੂਜਾ ਕਰ ਆਮਦ (ਕੰਮ ਦੇਣਾ) ਪਪੀਹਾ ਹੋਣ ਦਾ ਹੱਕ, ਆਪਣੀ ਮਰਜੀ ਦੀ ਹਿਯਾਤੀ ਗੁਜਾਰਨ ਦਾ ਹੱਕ ਤੇ ਜੀਵਨ ਦਾ ਹੱਕ। ਹੱਕਾਂ ਹਕੂਕਾਂ ਦੀ ਇਸ ਲੜਾਈ ਵਿਚ ਜਿਹੜੀ ਪੰਜਾਬ ਦੀ ਔਰਤ ਵੱਲ ਨਹੀਂ, ਉਹਦੇ ਖਿਲਾਫ਼ ਸਮਾਜ ਵੱਲੋਂ ਛੋਹੀ ਜਾਂਦੀ ਏ। ਹਾਲੇ ਤੀਕਰ ਪੰਜਾਬ ਦੀ ਔਰਤ ਜਿੱਤ ਨਹੀਂ ਸਕੀ। ਹਾਰ ਅਜੇ ਵੀ ਉਹਦਾ ਨਵਿਸ਼ਤਾ (ਕਿਮਸਤ) ਏ। ਜਿਹੜਾ ਕੰਧ ਉੱਤੇ ਲਿਖਿਆ ਸਾਫ਼ ਨਜ਼ਰੀਂ ਆਉਂਦਾ ਏ। ਮਰਜੀ ਦੇ ਵਿਆਹ ਦੇ ਜੁਰਮ ਵਿਚ ਹਾਲੇ ਵੀ ਹੀਰ ਵਾਂਗੂੰ ਉਹਨੂੰ ਜਹਿਰ ਪਿਲਾਏ ਜਾਂਦੇ ਨੇ। ਆਪਣੀ ਪਛਾਣ ਦਾ ਹੱਕ ਮੰਗਣ 'ਤੇ ਉਹਨੂੰ ਬਾਗੀ ਮੰਨਿਆ ਜਾਂਦਾ ਏ। ਤੇ ਉਹਦਾ ਸਮਾਜੀ ਸਤਾਹ 'ਤੇ ਬਾਈਕਾਟ ਕੁਝ ਇੰਝ ਕੀਤਾ ਜਾਂਦਾ ਏ। ਜੇ ਉਹ ਜਿਉਂਣ ਜੋਗੀ ਨਹੀਂ ਰਹਿੰਦੀ। ਔਰਤ ਹੋਣ ਦੀ ਸਜਾ ਦੇ ਤੌਰ ਦੇ ਉਹਦਾ ਰੇਪ ਬੜਾ ਆਮ ਏ। ਮਰਜੀ, ਤੇ ਉਹ ਵੀ ਪੰਜਾਬੀ ਔਰਤ ਦੀ? ਨਹੀਂ। ਹਾਲੇ ਨਹੀਂ। ਹਾਲੇ

ਪੰਧ ਚੋਖੇਰੇ ਨੇ। ਹਾਲੇ ਉਹਨੇ ਆਪਣੀ ਅਸਲ ਥਾਂ ਤੇ ਪਹੁੰਚਣ ਲਈ ਲੰਮਿਆਂ ਪੈਂਡਿਆਂ ਦੇ ਭਾਰ ਚੁੱਕਣੇ ਨੇ। ਗਲ ਵਿਚ ਤਵੀਤਾਂ ਵਾਂਗ ਪਾਈਆਂ ਮੁਹੱਬਤਾਂ ਦੀਆਂ ਕੀਮਤਾਂ ਅਦਾ ਕਰਨੀਆਂ ਨੇ। ਸਮਾਜ ਨੇ ਰਿਸ਼ਤਿਆਂ ਦੀਆਂ ਕਚਹਿਰੀਆਂ ਚੜ੍ਹਨਾ ਏ ਤੇ ਨਾ ਕੀਤਿਆਂ ਜੁਰਮਾਂ ਦੀਆ ਸਜਾਵਾਂ ਭੁਗਤਣੀਆਂ ਨੇ। ਹਾਲੇ ਉਹਨੇ ਆਪਣੀ ਸ਼ਨਾਖਤ ਦਾ ਪੰਧ ਕੰਡਿਆਂ ਤੇ ਨੰਗੇ ਪੈਰ ਤੁਰ ਕੇ ਕੱਟਣਾ ਏ। ਇਹ ਸੱਚ ਏ ਕਿ ਲੋਕ ਦਾਸਤਾਨਾਂ ਵਿਚ ਜਨਾਨੀ ਦਾ ਆਪਣੀ ਪਛਾਣ ਦਾ ਜਾਣੋ। ਤੇ ਆਪਣੇ ਹੱਕ ਲਈ ਅਵਾਜ ਚੁੱਕਣ ਵਾਲਾ ਜੀਦਾਰੀ (ਆਪਣੇ ਤੇ ਭਰੋਸਾ) ਦਾ ਕਿਰਦਾਰ ਸਾਡੀ ਅੱਜ ਦੀ ਜਨਾਨੀ ਦੇ ਚਾਨਣ ਦੀ ਉਹ ਲਕੀਰ ਏ, ਜਿਹੜੀ ਸਮਾਜੀ ਹਨ੍ਹੇਰਿਆਂ ਵਿਚ ਮਸ਼ਾਲਾਂ ਵਾਂਗ ਬਲਦੀ ਏ। ਪਰ ਹਾਲੇ ਕਿਸੇ ਪੰਧ ਨੇ ਜਿਹੜੇ ਨਿਬੇੜ ਕੇ ਉਹਨੇ ਉਸ ਲਕੀਰ ਨੂੰ ਸੂਰਜ ਬਨਾਉਣਾ ਏ। ਅੱਜ ਦੀ ਪੰਜਾਬੀ ਜਨਾਨੀ ਨੂੰ ਘਰ ਤੇ ਬਾਹਰਲੇ ਚੈਲਿਜਾਂ ਦਾ ਸਾਹਮਣਾ ਏ। ਉਹਨੂੰ ਦਾਸਤਾਨੀ (ਮਿੱਥਹਾਸਕ) ਜਨਾਨੀ ਵਾਂਗੀ ਕਈ ਮਹਾਜਾਂ ਉਤੇ ਆਪਣੇ ਹਕੂਕ ਦੀ ਲੜਾਈ ਲੜਨੀ ਪੈ ਰਹੀ ਏ। ਇਹ ਸਾਬਤ ਕਰਨ ਲਈ ਜੇ ਭਾਵੇਂ ਉਹਦੀ ਗਵਾਹੀ ਅੱਧੀ ਏ, ਪਰ ਉਹ ਆਪ ਪੂਰੀ ਤੇ ਸਬੂਤੀ ਏ ਤਾਂ ਰਸਮਾਂ ਤੇ ਰੀਤਾਂ ਬਣ ਜਾਣ ਵਾਲੀਆਂ ਉਹਦੀਆਂ ਦੁਸ਼ਮਣ ਸਮਾਜੀ ਤਾਕਤਾਂ, ਵੰਨੀ, ਕਾਰਦ, ਕਾਰਨ, ਵੱਟਰ ਸੱਟਰ, ਸੁਆਰਾ ਤੇ ਗੈਰਤ ਦੇ ਨਾਂ ਤੇ ਕਤਲ ਜਿਹਿਆਂ ਜੁਲਮਾਂ ਦਾ ਖਾਤਮਾ ਕੀਤਾ ਜਾ ਸਕੇ ਤਾਂ ਜੇ ਉਹਨੂੰ ਇਨਸਾਨ ਦੇ ਤੌਰ ਤੇ ਮੰਨ ਲਿਆ ਜਾਵੇ। ਇਨਸਾਨ-ਇਨਡਿਵਜੂਅਲ ਤੇ ਫਰਦ (ਕੱਲਾ ਕਾਰਾ) ਇਹ ਅੱਖਰ ਉਹਦੇ ਲਈ ਵੀ ਵਰਤੇ ਜਾ ਸਕਣ, ਉਹਦੀ ਪਸੰਦ ਨਾ ਪਸੰਦ, ਖੁਸ਼ੀ ਨਾ ਖੁਸ਼ੀ ਨੂੰ ਥਾਂ ਦਿੱਤੀ ਜਾਵੇ ਕਿਉਂਜੇ ਹੁਣ ਤੀਕਰ ਪੰਜਾਬ ਦੀ ਔਰਤ ਨੇ ਦੁੱਖ ਤੇ ਤਕਲੀਫਾਂ ਇੰਝ ਸਬਰ ਤੇ ਹੌਸਲੇ ਨਾਲ ਝੱਲੀਆਂ ਨੇ ਜੀਕਨ ਰੂੜੀ ਦਾ ਢੇਰ ਕੂੜੇ ਨੂੰ ਬਰਦਾਸ਼ਤ ਕਰਦਾ ਏ।

ਇਹ ਸੱਚ ਏ ਜੇ ਹਰ ਬੰਦਾ ਆਸ਼ਕ ਨਹੀਂ ਬਣ ਸਕਦਾ ਤੇ ਨਾ ਹੀ ਆਰਿਫ਼ ਹੁੰਦਾ ਏ। ਦਾਰੋ ਰਸਨ (ਫ਼ਾਂਸੀ/ਕੈਦ) ਹਰ ਕੋਈ ਦੇ ਨਸੀਬ ਵਿਚ ਨਹੀਂ। ਹੀਰ ਵਿਚ ਪੀਰ ਵਾਰਿਸ ਸ਼ਾਹ ਮਿੱਠੀ ਨੈਣ ਦੀ ਜੁਬਾਨੀ ਕਹਿੰਦੇ ਨੇ, "ਸ਼ਹਿਰੀ ਔਰਤਾਂ ਦਾ ਇਸ਼ਕ ਚਟੋਰਪਨ (ਸੁਆਦ ਚੱਖਣਾ) ਹੁੰਦਾ ਏ ਤੇ ਦਿਹਾਤਣਾਂ ਦਾ ਇਸ਼ਕ ਬੇਬਸੀ ਦਾ ਹੁੰਦਾ ਏ। ਉਹਦੇ ਤੋਂ ਕੁਝ ਵੀ ਹਾਸਲ ਨਹੀਂ ਹੁੰਦਾ। ਉਹ ਕਰੀਰ ਦੇ ਰੁੱਖ ਵਾਂਗ ਬੇਸਮਰ (ਬੇਫ਼ਲ) ਹੁੰਦਾ ਏ। ਉੱਚੀਆਂ ਤੇ ਘਨੇਰੀਆਂ ਟਾਹਲੀਆਂ ਵਾਂਗ ਕਦੀਮੀ ਤੇ ਸੰਘਣਾ ਏ ਤਾਂ ਜੇ ਉਹਨਾਂ ਦੀਆਂ ਠੰਢੀਆਂ ਛਾਵਾਂ ਥੱਲੇ ਪੰਜਾਬ ਦੀ ਧਰਤੀ ਸੁੱਖਾਂ ਦੇ ਸਾਹ ਲੈ ਸਕੇ। ਆਪਣੀ ਪਛਾਣ, ਕਦਰ ਤੇ ਹਕੀਕਤ ਸਮਾਜ ਕੋਲੋਂ ਮਨਵਾ ਸਕੇ। ਤੇ ਗਲੋਬਲ ਪਿੰਡ ਦਿਆਂ ਨਵਿਆਂ ਤਕਾਜਿਆਂ ਦੇ ਮੁਤਾਬਿਕ ਆਪਣੀ ਧਰਤੀ ਨੂੰ ਸੁਆਰ ਸਕੇ ਤਾਂ ਜੇ ਮਆਸ਼ੀ (ਸੱਭਿਆਚਾਰਕ) ਇਸ ਦੌਰ ਵਿਚ ਆਪਣੇ ਅੰਦਰ ਲੁਕੀਆਂ ਹੋਈਆਂ ਸਲਾਹੀਅਤਾਂ (ਵਿਸ਼ੇਸ਼ਤਾਵਾਂ) ਦਾ ਇਜਹਾਰ ਕਰਕੇ ਆਪਣੇ ਖ਼ਾਨਦਾਨ, ਧਰਤੀ ਦੇ ਮੁਲਕ ਲਈ ਮੁਫੀਦ (ਫਾਇਦੇਮੰਦ) ਸਾਬਤ ਹੋ ਸਕੇ।

ਬੁਸ਼ਰਾ ਏਜ਼ਾਜ਼
ਲਹੌਰ

# ਦੋ ਸ਼ਬਦ

ਪਿਛਲੇ ਕੁਝ ਸਮੇਂ ਤੋਂ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀਆਂ ਉੱਘੀਆਂ ਅਦਬੀ ਸ਼ਖਸੀਅਤਾਂ ਦੀਆਂ ਪੰਜਾਬੀ ਕਿਤਾਬਾਂ ਲਿਪੀਅਾਂਤਰ ਹੋ ਕੇ ਪੰਜਾਬ ਦੇ ਦੋਵੇਂ ਹਿੱਸਿਆਂ ਵਿਚ ਪ੍ਰਕਾਸ਼ਿਤ ਹੋ ਰਹੀਆਂ ਹਨ। ਇਸ ਉੱਦਮ ਨੂੰ ਪਾਠਕਾਂ ਦਾ ਭਰਪੂਰ ਹੁੰਗਾਰਾ ਮਿਲਿਆ ਹੈ ਅਤੇ ਦੋਵੇਂ ਹਿੱਸਿਆਂ ਦੀਆਂ ਅਦਬੀ ਸ਼ਖਸੀਅਤਾਂ ਵਿਚਕਾਰ ਆਪਸੀ ਮੁਹੱਬਤ ਦਾ ਰੌਂਅ ਹੁਲਾਰੇ ਵਿਚ ਹੈ। ਇਸੇ ਲੜੀ ਵਿਚ ਬੁਸ਼ਰਾ ਏਜ਼ਾਜ਼ ਦੀ ਪੰਜਾਬੀ ਸ਼ਾਇਰੀ ਦੀ ਕਿਤਾਬ 'ਭੁਲੇਖਾ' ਸ਼ਾਹਮੁਖੀ ਵਿਚੋਂ ਲਿਪੀਅਾਂਤਰ ਕਰਕੇ ਪ੍ਰਕਾਸ਼ਿਤ ਕੀਤੀ ਗਈ ਹੈ।

ਸ੍ਰੀ ਸਰਦਾਰਾ ਸਿੰਘ ਚੀਮਾ ਅਤੇ ਮੈਂ, ਦੋਹਾਂ ਨੇ, ਇਹ ਕਿਤਾਬ ਲਿਪੀਅਾਂਤਰ ਕਰਦੇ ਹੋਏ, ਨਾ ਸਿਰਫ ਬੁਸ਼ਰਾ ਏਜ਼ਾਜ਼ ਦੀ ਸ਼ਾਇਰੀ ਨੂੰ ਮਾਣਿਆਂ ਹੈ ਬਲਕਿ ਲਹਿੰਦੇ ਪੰਜਾਬ ਵਿਚ ਇਸਲਾਮੀ ਲੀਹਾਂ ਤੇ ਵਿਕਸਿਤ ਹੋਏ ਸਮਾਜਕ ਢਾਂਚੇ ਦੇ ਡੂੰਘੇਰੇ ਰੂਪ ਨੂੰ ਹੋਰ ਚੰਗੀ ਤਰ੍ਹਾਂ ਜਾਣਿਆਂ ਤੇ ਮਹਿਸੂਸ ਕੀਤਾ ਹੈ। ਠੇਠ ਪੰਜਾਬੀ ਜੁਬਾਨ ਤੇ ਮੁਹਾਵਰੇ ਵਿਚ ਸਿਰਜੀ ਬੁਸ਼ਰਾ ਏਜ਼ਾਜ਼ ਦੀ ਇਹ ਪੰਜਾਬੀ ਸ਼ਾਇਰੀ ਕਿਸੇ ਹੋਰ ਉਪਮਾ ਜਾਂ ਸ਼ਬਦਾਂ ਦੀ ਮੁਥਾਜ ਨਹੀਂ ਹੈ।

ਬੁਸ਼ਰਾ ਏਜ਼ਾਜ਼ ਦੀਆਂ ਲਿਖਤਾਂ ਵਿਚ ਵਰਤੇ ਗਏ ਲਹਿੰਦੀ ਪੰਜਾਬੀ ਦੇ ਅਰਬੀ, ਫਾਰਸੀ ਵਿਚੋਂ ਆਏ ਸ਼ਬਦ 'ਇਟੈਲਿਕਸ' ਵਿਚ ਦਿੱਤੇ ਗਏ ਹਨ ਜਿਨ੍ਹਾਂ ਦੇ ਸਮਤੁੱਲ ਚੜ੍ਹਦੀ ਪੰਜਾਬੀ ਦੇ ਸ਼ਬਦ ਨਾਲ ਦਿੱਤੇ ਗਏ ਹਨ ਤਾਂਕਿ ਪਾਠਕ ਅਰਥ ਨੂੰ ਪੂਰਨ ਰੂਪ ਵਿਚ ਫੜ ਸਕਣ।

ਮੈਂ ਇਹ ਕਿਤਾਬ ਪਾਠਕਾਂ ਤੱਕ ਪੁੱਜਦੀ ਕਰਨ ਲਈ ਸ੍ਰੀ ਸਰਦਾਰਾ ਸਿੰਘ ਚੀਮਾ ਅਤੇ ਕੰਪਿਊਟਰ ਟਾਈਪਿਸਟ ਮਿਸ ਰੰਜਨਾ ਦਾ ਦਿਲੀ ਧੰਨਵਾਦੀ ਹਾਂ। ਆਸ ਕਰਦਾ ਹਾਂ ਕਿ ਧਰਤੀ ਨਾਲ ਜੁੜੀ ਤੇ ਆਮ ਲੋਕਾਂ ਦੀ ਸ਼ਾਇਰਾ ਦੀ ਪੰਜਾਬੀ ਸ਼ਾਇਰੀ ਨੂੰ ਮਾਣਦੇ ਹੋਏ ਪਾਠਕ ਇਸ ਨੂੰ ਭਰਪੂਰ ਹੁੰਗਾਰਾ ਦੇਣਗੇ।

**- ਇੰਦਰ ਸਿੰਘ ਰਾਜ਼**

# ਵੰਡ ਨਜ਼ਮਾਂ


H ਸ਼ੁਰੂ ਕਰਦੀ ਆਂ/15
H ਸੁਹਣਾ ਅੱਲਾ/16
H ਜਾਹ ਹਿਜਰ ਕਮਾ/16
H ਹਰਫ ਨਸੀਬ ਉਨ੍ਹਾਂ ਦੇ (ਨਾਅਤ)/17
H ਜੇ ਦਿਲ ਤਖਤੀ ਵਾਂਗ (ਨਾਅਤ)/18
H ਅਸੀਂ ਦੋਵੇਂ ਭੁੱਖੇ ਆਂ/19
H ਪੈਰਾਂ ਹੇਠ ਨਾ ਥੱਲੇ/20
H ਚੁੱਪ ਦੀ ਹਿਕ ਨਿੱਕੀ ਜਿਹੀ ਕਹਾਣੀ/20
H ਮੈਂ ਇੰਝ ਕਿਉਂ ਆਂ/21
H ਇਸਮੇ ਮਾਰਮਤ/22
H ਪਾਣੀ ਦੀ ਕਹਾਣੀ (ਨਸਰੀ ਨਜਮ)/22
H ਕੀ ਜਾਣੀਏ/23
H ਸੁੱਤੇ ਰੱਬ ਦੇ ਹੱਥ ਫੜਾਏ, ਕੱਚੇ ਪੱਕੇ ਖ਼ਾਬ/23
H ਮੈਨੂੰ ਸਮਝਣ ਦਾ ਸ਼ੌਕ ਨਾ ਜਾਏ/24
H ਰੱਬ ਵਾਲਾ ਮੁਹੱਲਾ/24
H ਬੰਦੀ ਤੁਹਾਡੀ ਕਾਲੜੀ/25
H ਅਸਾਂ ਰੱਜ ਕੇ ਪਰਮ ਕਮਾਉਣਾ/26
H ਵੇ ਪਾਂਧੀਆ/28
H ਨੀਲੇ ਤਨ ਨੂੰ ਸਾਵਾ ਰੰਗੇ /28
H ਪਛਾਣ (ਨਸਰੀ ਨਜ਼ਮ)/29
H ਮੇਰੇ ਅੰਦਰ ਸੂਰਜ ਮਰਿਆ/30
H ਕਹਾਣੀ ਵਰਗੇ ਲੋਕ/30
H ਮੇਰੀ ਨੱਥਲੀ ਚਾਰ ਦਿਹਾੜੇ/30
H ਕਦੀ ਨਾ ਹੱਸਦੀ ਰੋਵਾਂ ਮੈਂ/31
H ਨਿੱਕੀ ਭੰਬੀਰੀ ਦਾ ਘਰ/32
H ਦੁਖੀਆ ਵੇ/32
H ਉਥੇ ਇਸ਼ਕ ਉਧਾਰ ਨਹੀਂ ਮਿਲਦਾ/34
H ਹੁਣ ਤੇ ਬਾਜ਼ੀ ਹੱਥ ਅਸਾਡੇ/35
H ਕੁਝ ਕੀ ਏ/35
H ਨਾ ਈ ਬਹਿ ਰੁੰਨੀ/35
H ਪੁਤਲੀ, ਤਮਾਸ਼ਾ ਤੇ ਮਾਂ (ਨਸਰੀ ਨਜਮ)/36
H ਰੱਬ ਨੂੰ ਆਪਣਾ ਮੀਤ ਬਣਾ/ 37
H ਨੈਣ ਗੰਵਾਏ/37
H ਅਜਲਾਂ ਅੰਦਰ ਹੋਂਦੀ ਆਂ /38
H ਅੱਲਾ ਹੂ/38
H ਕੀਕਰ/39
H ਅੱਖ ਬੁਝਾਰਤ ਬੁੱਝੀ/39
H ਤੇਰੇ ਘਰ ਪਰ੍ਾਹੁਣੇ ਆਏ/40
H ਗੁਆਚੀਆਂ ਕੁੰਜੀਆਂ ਵਾਲੇ ਜੰਦਰੇ (ਨਸਰੀ ਨਜਮ)/40
H ਐਵੇਂ ਇਸ਼ਕ ਇਸ਼ਕ ਨਾ ਕਰ ਬੀਬੀ/41
H ਇਕ ਨਿੱਕੀ ਜਿਹੀ ਬੁਝਾਰਤ/ 42
H ਵੱਡੀ ਨਾ ਹੋਵੀਂ/42
H ਮੇਰਾ ਨਾ ਹੀ, ਜੱਗ ਤੁਮਹਾਰਾ/ 43
H ਲਲਿਹਾਰਿਆ ਵੇ/44
H ਤਲਾਸ਼/44
H ਅੱਖ ਦਾ ਕੀ ਕਸੂਰ /46
H ਧਾਗੇ/46
H ਹੁਣ ਨਈਂ ਸਾਉਣਾ/47
H ਸਾਰੇ ਰੰਗ ਤੇਰੇ/48
H ਦਿਲ ਦਿਲਾਂ ਦੇ ਅੰਦਰ/48
H ਚੰਗੀ ਧੀ/50
H ਦਿਲ ਦੇ ਅੰਦਰ ਕੱਲ੍ਹਿਆਂ ਬਹਿ ਕੇ ਆਪ ਮਨਾਇਆ ਰੱਬ/51
H ਸਤਮਗਜ਼ੀ/51
H ਰਾਤ, ਹਨ੍ਹੇਰਾ ਤੇ ਹਕੀਕਤ

H ਮੈਂ ਵੇਲੇ ਤੋਂ ਹਾਰ ਗਈ/55
H ਦੁੱਖ ਦਾ ਸੱਚ /56
H ਦੁੱਖ ਤੈਨੂੰ ਕਿਵੇਂ ਮਨਾਵਾਂ (ਨਸਰੀ ਨਜਮ)/ 56
H ਆਪਣੇ ਆਪ ਵਿਚ ਮਿਸਫਿੱਟ ਇਕ ਨਜ਼ਮ/58
H ਇਹ ਸਾਰੇ ਰੰਗ ਤੇਰੇ/58
H ਤੂੰ ਵੀ ਇਸ਼ਕ ਕਰੀਂ/59
H ਕੁੱਝ ਸੁੱਤੇ ਰਹਿ ਗਏ /59
H ਪਾਣੀ ਅੱਗੇ ਬੰਧ/60
H ਮੇਰੇ ਦੇਸ਼ ਤੂੰ ਕੱਲਾ ਤੇ ਨਹੀਂ/60
H ਕੁੜੀਆਂ ਦੇ ਨਿੱਕੇ ਖ਼ਾਬ/61
H ਨਵਾਂ ਕਾਬੀਲ (ਨਸਰੀ ਨਜਮ)/61
H ਦੁਨੀਆ/62
H ਹਿਜਰ ਦੀ ਰੁੱਤ ਇੰਜ ਲੰਮੀ ਕੀਤੀ/62
H ਏਸ ਦੁਨੀਆ ਤੇ ਬੜੇ ਖਿਲਾਰੇ/62
H ਜਿਹੜਾ ਦਿਸ ਨਾ ਹੋਵੇ/63
H ਅਨ-ਉਲ-ਹੱਕ /63
H ਮਿੱਟੀ ਦੀ ਮੈਂ ਗੋਲੀ/64
H ਬੈਠੀ ਕਾਗ ਉਡਾ/64
H ਵਸਲ ਦੀ ਰੁੱਤ/65

H ਆਦਮ ਬੂ/65
H ਇਕਲਾਪਾ/66
H ਕਾਰਾ/66
H ਲੇਖ ਤਮਾਸ਼ਾ/66
H ਗੁਆਚੀਆਂ ਨਜਮਾਂ ਦੀ ਕਹਾਣੀ (ਨਸਰੀ ਨਜਮ)/67
H ਦੁਆ/67
H ਰਾਂਝਾ ਸਭ ਦਾ ਸਾਂਝਾ/68
H ਟੁਰਦੀ ਕਦੀ ਨਾ ਥੱਕਦੀ/69
H ਦੁੱਖ ਤੇਰਾ ਨਾਂ ਕੀ ਏ/70
H ਅੱਖ ਦਾ ਹਉਕਾ/71
H ਅੱਗ ਨੂੰ ਹੁਣ ਸਮਝਾਣਾ ਕੇਹਾ/71
H ਢੁੱਲ ਵਾਲਾ ਨਾ ਆਇਆ/ 71
H ਦਿਲ ਦੇ ਅੱਗੇ ਖਲੋਤੀ ਮੈਂ/72
H ਅੰਦਰੋਂ ਕੌਣ ਉਧੇੜੇ/74
H ਬੋਲ ਸਜਾਵਾਂ/75
H ਸਾਰੇ ਜੋਖ਼ਮ ਛੱਡ ਨੀ ਬੰਦੀਏ/ 75
H ਜ਼ਿਮੀਆਂ ਉਤੇ ਆਣ ਖਲੋਤਾ ਰੱਬ/76
H ਨਾ ਕੀਤੀਆਂ ਗੱਲਾਂ/76
H ਮੇਰਾ ਹੁਜਰਾ/76
H ਮੈਨੂੰ ਵੇਖਣ ਆਇਆ ਰੱਬ/ 77
H ਸੁਆਹ/78
H ਮੈਂ ਸੋਚਦੀ ਆਂ/78
H ਬੁੱਢੀ ਨਾਨੀ ਦਾ ਵਿਹੜਾ/79

## ਸ਼ੁਰੂ ਕਰਦੀ ਆਂ

ਸ਼ੁਰੂ ਕਰਦੀ ਆਂ
ਅਲਫ *ਉਲ਼ਫਤ* ਤੋਂ          ਮੁਹੱਬਤ
ਖ਼ਤਮ ਕਰਦੀ ਆਂ
ਮੀਮ ਮੁਹੱਬਤ ਤੇ

ਬਾਕੀ ਰਹਿ ਗਈ ਜਾਤ *ਸਫ਼ਾਤ* ਦੀ ਗੱਲ          ਸਿਫ਼ਤਾਂ/ਕਦਰਾਂ ਕੀਮਤਾਂ
ਜਿਹਦੇ ਅੰਦਰ ਕੁਝ ਸਮਾਇਆ ਏ
ਜਿਹਦਾ ਵੱਡਾ ਏਡ ਪਸਾਰਾ ਏ
ਜਿਹਦੀ ਰਾਤ ਦਾ ਕਲਮ *ਅਫਾਕੀ* ਏ          ਸੰਸਾਰ
ਜਿਹਦੇ *ਦੇਂਹ* ਦਾ ਇਲਮ ਸਫ਼ਾਤੀ ਏ          ਦਿਨ
ਜਿਹਦੇ ਅੰਦਰ ਮੈਂ ਤੇ ਤੂੰ ਬੈਠੇ
ਨਿੱਤ ਰੋਜ ਉਮੀਦਾਂ ਭਰਦੇ ਆਂ
ਚੰਨ ਤਾਰਿਆਂ ਨੂੰ ਬੁੱਕਲ ਪਾ ਕੇ
ਸੂਰਜ ਦੀਆਂ ਵਾਗਾਂ ਫੜਦੇ ਆਂ
ਜਿਹਦੇ ਅੰਦਰ ਨੂਰ *ਹਜ਼ੂਰੀ* ਏ          ਅਕਾਲ ਪੁਰਖ
ਜਿਹਨੇ ਸਾਰੀ ਖਲਕਤ ਬੂਰੀ ਏ
ਜਿੱਥੇ *ਪਾਕਿ* ਮੁਹੱਬਤਾਂ ਵਾਲੇ ਨੇ          ਪਵਿਤਰ
ਜਿਨ੍ਹਾਂ *ਹੱਕ* ਦੇ ਪੈਂਡੇ ਜਾਲੇ ਨੇ          ਸੱਚ/ਰੱਬ
ਜਿਨਾਂ ਨੈਣਾਂ ਸੇਜ ਸਜਾਈ ਏ
ਜਿਨ੍ਹਾਂ ਮਾਇਆ ਇਸ਼ਕ ਕਮਾਈ ਏ
ਜਿੱਥੇ ਅੰਦਰ ਮਸਜਦ *ਮੰਬਰ* ਤੇ          ਉਚੀ ਜਗਾਹ
ਨਿੱਤ ਰੱਬ ਵਿਕਾਉ ਮਾਲ ਹੋਵੇ
ਜਿੱਥੇ ਬੋਝੇ ਭਰੇ ਸੁਦਾਗਰਾਂ ਦੇ
ਜਿੱਥੇ *ਰਿਜਕਿ* ਹਲਾਲ ਦਾ ਕਾਲ ਹੋਵੇ          ਰੋਟੀ
ਜਿੱਥੇ ਦੁਨੀਆ ਕੂਕ ਪਵੇ
ਉਥੇ ਅਸ਼ਕਾਂ ਦਾ ਕੀ ਹਾਲ ਹੋਵੇ
ਉਸ ਦੁਨੀਆਂ ਦੀ ਮੈਂ *ਬਾਸੀ* ਆਂ          ਵਾਸੀ
ਤੇ ਮੀਮ ਅਲਫ਼ ਦੀ ਦਾਸੀ ਆਂ
ਮੇਰੇ ਲੂੰ ਲੂੰ *ਮਕਤਬਿ* ਇਸ਼ਕ ਖੁੱਲ੍ਹੇ          ਇਸ਼ਕ ਦਾ ਸਕੂਲ
ਮੇਰੇ ਅੰਦਰ ਧੂਣੀ ਰੋਜ ਧੁਖੇ
ਕੋਈ ਅੱਲਾ ਵਾਲੀ ਡੋਰ ਖੁੱਲ੍ਹੇ
ਕੋਈ ਰਸਤਾ ਮੌਲਾ ਤੋੜ ਖੁੱਲ੍ਹੇ

## ਸੁਹਣਾ ਅੱਲ੍ਹਾ

ਅੱਖ ਵਿਚ ਬੋਲੇ ਸੁਹਣਾ ਅੱਲ੍ਹਾ
ਮਿੱਟੀਆਂ ਰੋਲੇ ਸੁਹਣਾ ਅੱਲ੍ਹਾ
ਰੱਤੀਆਂ ਤੋਲੇ ਸੁਹਣਾ ਅੱਲ੍ਹਾ
ਜਿੰਦਰੇ ਖੋਲ੍ਹੇ ਸੁਹਣਾ ਅੱਲ੍ਹਾ

## ਜਾਹ ਹਿਜਰ ਕਮਾ

ਰੱਬ ਕਿੱਥੇ ਏ
ਕਦੀ ਯਾਤ ਤੇ ਕਰ
ਕਿੱਥੇ ਭੁੱਲੀ ਏਂ
ਕੀ ਸੁੱਤੀ ਏਂ ?
ਕਿਉਂ ਗੂੜ੍ਹੀ ਸੋਚ 'ਚ ਡੁੱਬੀ ਏਂ
ਕਿਉਂ ਲੁਕਦੀ ਏਂ
ਕਿਉਂ ਝੁਕਦੀ ਏਂ
ਕਿਉਂ ਆਪਣੀ ਮਿੱਟੀ
ਦਿਲ ਦੇ ਬੁੱਕ ਵਿਚ ਪਾ ਕੇ
ਰੱਜ ਰੱਜ ਫੱਕਦੀ ਏਂ
ਕੀ ਦਸਦੀ ਏਂ ?
ਰੱਬ ਕਿੱਥੇ ਏ
ਕਦੀ ਯਾਦ ਤੇ ਕਰ
ਕਦੀ ਸੋਚ ਤੇ ਲੈ
ਕਦੀ ਰੌਲਾ ਪਾ
ਕਦੀ ਘੁੱਟ ਜਾ ਸਾਹ
ਕਦੀ ਅੰਦਰ ਵੜ
ਕਦੀ ਬਾਹਰ ਜਾਹ
ਕਿਤੋਂ ਮੰਗ ਲਿਆ
ਕਿਤੋਂ *ਪਿੰਨ* ਲਿਆ — ਮੰਗਣਾ
ਕੋਈ ਮੱਤੇ ਦੇਵੇ ਚਾਹ
ਜਾਹ *ਮੰਬਰ* ਚੜ੍ਹ — ਉਚੀ ਜਗਾਹ
ਜਾਹ ਮੰਦਰ ਜਾਹ

ਕਦੀ ਗਿਰਜੇ ਵਿੱਚ
ਜਾ ਰਾਂਝਾ ਗਾ
ਜੇ ਲੱਭੇ ਤੇ
ਫਿਰ ਸੀਨੇ ਲਾ
ਤੇ *ਹਿਜਰ* ਕਮਾ ਸੀਨਾ

## ਜੇ ਦਿਲ ਤਖਤੀ ਵਾਂਗ (ਨਾਅਤ)

ਸਿਫ਼ਤ/ਉਸਤਤ

ਜੇ ਦਿਲ ਤਖਤੀ ਵਾਂਗ ਹੋਵੇ, ਤੇ ਮੈਂ *ਅਸ਼ਕਾਂ* ਭਰਾਂ ਸਿਆਹੀ ਹੰਝੂ
ਰੂਹ ਦੇ ਕਲਮ ਦੇ ਨਾਲ ਲਿਖਾਂ, ਗੱਲ ਇਸ਼ਕ ਮੁਹੰਮਦ ਵਾਲੀ

ਜੇ ਦਿਲ ਫੁੱਲ ਖੁਸ਼ਬੂ ਹੋਵੇ, ਤੇ ਮੈਂ ਵਾਂਗ ਭੰਬੀਰੀ ਉਡਾਂ
'ਵਾਵਾਂ ਦੇ ਹੱਥ ਬਾਂਹ ਦੇਵਾਂ ਤੇ ਜਾ *ਯਸਰਬ* ਵਿਚ ਰੁਕਾਂ ਮਦੀਨਾ

ਜੇ ਦਿਲ ਹਰਫ *ਅਕੀਕ* ਹੋਵੇ, ਅੱਖ ਹੀਰੇ *ਮੋਤੀ* ਰੋਲੇ ਸੁਰਖ ਰੰਗ ਦਾ ਹੀਰਾ/
ਮਸ਼ੂਕ ਦੇ ਬੁੱਲ੍ਹ
ਹਰਫਾਂ ਅੰਦਰ *ਸੁਖਨ* ਨੱਬੀ ਜਿੰਦ ਲੱਖ ਸੋ ਵਾਰੀ ਤੋਲੇ ਬਚਨ

ਜੇ ਦਿਲ ਵਾਂਗ ਸਫ਼ਰ ਹੋਵੇ ਤੇ ਮੈਂ ਮੰਜ਼ਿਲ ਮੂਲ ਨਾ ਮੰਗਾਂ
ਵਿਹੜਾ ਦਰਦ ਮੁਹੱਬਤ ਵਾਲਾ, ਤਕਦੀ ਕਦੀ ਨਾ ਥੱਕਾਂ

ਜੇ ਦਿਲ ਹਿਜਰ *ਵਿਸਾਲ* ਹੋਵੇ ਜਿੰਦ *ਸਬਜ* ਗੁੰਬਦ ਵਲ ਜਾਵੇ ਮਿਲਾਪ,
ਹਰਾ
ਆਪੇ ਅੰਦਰੋਂ 'ਵਾਜ ਦੇਣ ਆਪੇ ਬਾਹਰੋਂ ਲੱਭਣ ਜਾਵੇ

ਜੇ ਦਿਲ ਵਾਂਗ ਮਸੀਤ ਹੋਵੇ, ਵਿਚ ਬਾਂਗ ਇਸ਼ਕ ਦੀ ਦੇਵਾਂ
ਵਾਂਗ *ਬਿਲਾਲ* *ਆਕਾ* ਦੇ ਨਾਂ ਤੇ ਜਿੰਦੜੀ ਰੱਜ ਰੱਜ *ਭੇਵਾਂ*

ਸ਼ਰਧਾਲੂ ਦਾ ਨਾਂ,
ਮਾਲਕ/ਖ਼ੁਦਾ/
ਪੈਗੰਬਰ,

## ਹਰਫ ਨਸੀਬ ਉਨ੍ਹਾਂ ਦੇ (ਨਾਅਤ)

ਹਰਫ਼ ਨਸੀਬ ਉਨ੍ਹਾਂ ਦੇ, ਜਿਹੜੇ ਹਰਫ਼ *ਸਨਾਸ* ਵਾਲੇ — ਪਛਾਨਣ
ਜਿਨ੍ਹਾਂ ਹਰਫ਼ ਵਪਾਰ ਕੀਤਾ, ਉਨ੍ਹਾਂ ਹਿੱਸੇ ਆਈ ਪਿਆਸ

ਮੈਂ ਤੇ ਖਾਕ ਆਂ ਮੈਂ ਕੀ ਜਾਣਾ ਅਸਮਾਨਾਂ ਦੀਆਂ ਗੱਲਾਂ
*ਨਾਅਤ, ਨੱਬੀ* ਦੀ ਲਿੱਖਣ ਬੈਠੀ ਆਪਣੇ ਆਪ ਤੋਂ ਝੱਕਾਂ — ਉਸਤਤ, ਰੱਬ
ਡਰਦੀ ਡਰਦੀ ਕਲਮ ਚੁੱਕਾਂ ਤੇ ਆਪਣੇ ਆਪ ਤੋਂ ਪੁੱਛਾਂ
ਸਿਫ਼ਤ *ਆਕਾ* ਦੀ ਕਿਹੜੀ ਕਿਹੜੀ ਨਾਲ ਅਦਬ ਹੁਣ ਲਿੱਖਾਂ — ਖ਼ੁਦਾ/ ਪੈਗੰਬਰ

ਪਹਿਲੋਂ ਛੇੜਾਂ ਅਲਫ਼ ਅੱਲ੍ਹਾ ਤੋਂ ਜਿਹਦੇ ਦੂਰ ਪਸਾਰੇ
ਨੂਰੇ ਹੁਰਾ ਦੇ ਵਿਚੋਂ ਉਠਿਆ ਧੁੰਮ ਮੱਚੀ ਜੱਗ ਸਾਰੇ
ਇਕ ਲੱਖ ਚਵੀ ਹਜ਼ਾਰ ਪਗੰਬਰ *ਇਸਮ* ਕਿਹੜੇ ਗਿਣਵਾਵਾਂ — ਨਾਂ
ਸਾਰੇ ਉਚੀਆਂ ਸ਼ਾਨਾਂ ਸਭ ਦੇ ਸ਼ੁਕਰ ਗੁਜਾਰਾਂ

ਨਾਮ ਮੁਹੰਮਦ ਸਭ ਤੋਂ ਆਖ਼ਿਰ, ਪਰ *ਅਵੱਲ* ਸਦਵਾਵੇ — ਪਹਿਲਾ/ ਉਤਮ
ਦੁਨੀਆਂ ਜਿਹਦੀ ਕੰਬਲੀ ਥੱਲੇ ਸਾਰੇ ਦਰਦ ਵਿਸਾਰੇ

ਉਹ ਏ *ਬਾਬ* ਮੁਹੱਬਤਾਂ ਵਾਲਾ ਜਿਹੜਾ ਖੁੱਲ੍ਹਿਆ *ਅਜਲੋਂ* — ਕਾਂਡ, ਆਦਿ
*ਅਬਦ* ਤੱਕਰ ਨੇ ਉਸ ਦੇ ਡੇਰੇ, ਰੱਬ ਸੱਚੇ ਦੇ *.ਫਜਲੋਂ* — ਅੰਤ, ਕ੍ਰਿਪਾ

ਰੱਬ ਨੇ ਪਾਕਿ ਮਹੱਬਤ ਦੇ ਹੱਥ ਵਾਗ *ਖ਼ਲਕ* ਦੀ ਦਿੱਤੀ — ਲੋਕਾਈ
ਲੋਅ ਇਸ਼ਕ ਦੀ ਲਾਈ ਤੇ ਫੇਰ ਡੋਰ ਅਰਸ਼ ਵੱਲ ਖਿੱਚੀ

ਦਰਜਾ ਸਭ ਮਲਾਇਕ ਤੋਂ ਉੱਚਾ ਤੇ ਕਰਮਾਂ ਵਾਲਾ
ਉਹ ਸਾਡੇ ਨੱਬੀਆਂ ਦਾ ਆਕਾ ਸੱਚੀਆਂ ਸ਼ਰਮਾਂ ਵਾਲਾ

ਨਾਮ ਮੁਹੰਮਦ ਮਿੱਠਾ *ਸ਼ੀਰੀਂ* ਜਿਵੇਂ *ਕੌਸਰ* ਦਾ ਪਿਆਲਾ ਸ਼ਹਿਦ,
ਸਵਰਗ ਸਾਹ ਨਿਕਲਣ ਤੇ *ਵਿਰਦ* ਲਬਾਂ 'ਤੇ ਇਹ ਈ ਹੋਵੇ *ਸ਼ਾਲਾ*
ਦੀ ਨਦੀ ਦਾ ਮਿੱਠਾ
ਪਾਣੀ
ਜਪਣਾ, ਰੱਬ ਕਰੇ
ਮੈਨੂੰ ਇਸ਼ਕ ਮਦੀਨੇ ਵਾਲਾ, ਅੰਦਰੋਂ ਅੰਦਰ ਸਾੜੇ
ਤਾਂ ਮੈਂ ਪਿਛੋਂ ਵੇਖ ਸਕਾਂ ਨਾ ਅਗਲੀ ਗਲ ਸਮਝਾਵੇ

ਮੈਨੂੰ ਵਕਤ ਕਿਤਾਬ ਦੇ ਅੰਦਰ ਲਿੱਖੇ ਹਰਫ਼ ਨਾ ਆਉਂਦੇ
ਮੈਂ *ਜਾਹਿਲ* ਕਮ ਇਲਮ ਹਰਦਮ *ਸੁਖਨ* ਨੱਬੀ ਦੇ ਭਾਉਂਦੇ ਅਨਪੜ੍ਹ,
ਗੱਲਾਂ

ਜਿਨਾਂ ਪਾਕਿ ਮੁਹੱਬਤਾਂ ਲਈਆਂ, ਉਹ ਬਲਦੇ ਵਾਂਗ ਮਿਸ਼ਾਲਾਂ
ਜਿਹੜੇ ਬਦ *ਬਖਤੇ* ਬੇ ਅਮਲੇ ਉਹ ਨੇ ਮੰਦੇ ਹਾਲਾਂ ਨਸੀਬ

## ਅਸੀਂ ਦੋਵੇਂ ਭੁੱਖੇ ਆਂ

ਤੂੰ ਵੀ ਡਾਢਾ
ਮੈਂ ਵੀ ਅਥਰੀ
ਕਿਵੇਂ ਗੁਜਾਰਾ ਹੋਏ
ਦੋਵੇਂ *ਅਜਲਾਂ ਅਬਦਾਂ* ਵਾਲੇ ਆਦਿ,
ਅੰਤ
ਕਿਵੇਂ ਕਿਨਾਰਾ ਹੋਵੇ
ਤੂੰ ਵੀ ਦਿਲ ਵਾਲਾ ਸਦਵਾਵੇਂ
ਮੈਂ ਵੀ ਦੁੱਖਾਂ ਝੋਲੀ
ਤੂੰ ਵੀ ਰਾਤੀ ਜਾਗ ਗੁਜਾਰੇਂ
ਮੇਰੀ ਨੀਂਦ ਦੀ ਹੋਲੀ
ਤੇਰੀ ਜਾਨ ਵੀ ਡਾਢੀ ਔਖੀ
ਮੈਂ ਵੀ ਰਹੀ ਨਾ ਸੌਖੀ
ਤੇਰੇ ਪੈਰ ਨਾ ਲਗਦੇ ਥੱਲੇ
ਮੈਂ ਵੀ ਨੈਣਾਂ ਦੇ ਘੁੰਢ ਕੱਜੇ
ਤੂੰ ਵੀ ਡਾਢਾ ਲੋਡ ਮਲੌਂਡਾ
ਮੇਰੀ ਜਿੰਦ ਵੀ ਖ਼ਾਬ ਦਾ ਬੂਟਾ
ਤੈਨੂੰ ਡੰਗ ਪ੍ਰੀਤ ਦਾ ਲੱਗਿਆ
ਮੇਰਾ ਦਿਲ ਵੀ ਕਦੋਂ ਦਾ ਸੰਗਿਆ

ਤੂੰ ਵੀ ਹਿਜਰ ਦੀ ਗੰਢੜੀ ਚਾਈ
ਮੈਂ ਵੀ ਅੱਗ ਦੀ ਕਫ਼ਨੀ ਪਾਈ
ਤੂੰ ਵੀ ਸੇਕ ਚੁਖੇਰਾ ਮੰਗੇਂ
ਹਾਉਕਿਆਂ ਦੇ ਨਾਲ ਚੋਲਾ ਰੰਗੇਂ
ਮੈਂ ਵੀ ਅੱਗ ਦਾ ਬਾਲਣ ਹੋਵਾਂ
ਬਾਹਰੋਂ ਦਿਸਾਂ ਅੰਦਰੋਂ ਰੋਵਾਂ
ਆ ਦੋਵੇਂ ਰਲ ਸੂਤਰ ਕੱਤੀਏ
ਅੱਟੀਆਂ ਦੇ ਨਾਲ ਛੱਬਾ ਭਰੀਏ
ਪਹਿਲੋ ਰੱਜ ਕੇ ਹਿਜਰ ਮਨਾਈਏ
ਫਿਰ ਵਸਲ ਦੇ ਦੋਹੜੇ ਗਾਈਏ
ਆ ਦੋਵੇਂ ਰਲ ਝੁੱਗੀ ਪਾਈਏ
ਰੱਜ ਕੇ ਦੱਬ ਕੇ *ਸ਼ਹੂ* ਮਨਾਈਏ ਮਾਹੀ
ਆ ਵੇ ਰੱਬਾ ਹਿੱਕ ਥਾਲੀ ਵਿੱਚ ਖਾਈਏ

## ਪੈਰਾਂ ਹੇਠ ਨਾ ਥੱਲੇ

ਔਖੇ ਪੈਂਡੇ ਦੁੱਖ ਦੇ
ਅਸੀਂ ਮੁਸਾਫਿਰ ਕੱਲੇ
ਚਾਰ ਚੁਫੇਰਿਉਂ ਉਤਰਨ
ਪਰਛਾਈਆਂ ਦੇ ਛੱਲੇ
ਦਿਲ ਕੱਲੇ ਦਾ ਕੱਲਾ
ਦਿਲ ਦੇ ਰੋਗ ਅਵੱਲੇ
ਆਸੇ ਪਾਸੇ ਕੁਝ ਨਹੀਂ
ਸਾਰੇ ਪਾਸੇ ਮੱਲੇ
ਹੰਝੂਆਂ ਦਾ ਮੀਂਹ ਵੱਸੇ
ਸਾਹਾਂ ਦੀ ਲੂ ਚੱਲੇ
ਹਿਜਰ *ਅਜ਼ਾਬ* ਦੀ ਮਾਰੀ ਦੁੱਖ
ਜਿੰਦ ਅਜ਼ਾਬ ਨਾ ਝੱਲੇ
ਬਾਗ ਤੇ ਹਰਿਆ ਭਰਿਆ
ਇਹ ਥੱਲੇ ਦੀ ਥੱਲੇ
ਰੁੱਤ ਦਾ ਬਾਲਣ ਚਾਅ ਕੇ
ਸੋਚਾਂ ਕਿਹੜੀ ਗੱਲੇ
ਦੋਜਖ ਸੜਦੀ ਜਿੰਦੜੀ
ਹੋਰ ਅੱਗਾਂ ਵੱਲ ਚੱਲੇ
ਟੁਰ ਕੇ ਕਿੱਥੇ ਜਾਵੇ

ਪੈਰਾਂ ਹੇਠ ਨਾ ਥੱਲੇ

## ਚੁੱਪ ਦੀ *ਹਿਕ* ਨਿੱਕੀ ਜਿਹੀ ਕਹਾਣੀ

ਇਕ

ਉਹਦੀਆਂ ਅੱਖਾਂ
ਖਾਸ ਵਿਛੋੜੇ ਭਰੀਆਂ ਸਨ
ਮੇਰਿਆਂ ਹੱਥਾਂ ਵਿੱਚ
ਕੁਮਲਾਏ ਹੋਏ ਵੇਲੇ ਦੀਆਂ
ਕੁਝ ਸ਼ਾਮਾਂ ਹਰੀਆਂ ਸਨ
ਉਹਦੇ ਦਿਲ ਦਾ ਚੋਲਾ ਲੀਰਾਂ ਲੀਰਾਂ
ਮੇਰੀ ਅੱਖ ਦਾ ਸੁਰਮਾ ਲਕੀਰਾਂ ਲਕੀਰਾਂ
ਉਹਨੇ ਮੇਰੇ ਬੋਲਣ ਦੀ ਉਡੀਕ ਲਾਈ
ਮੈਂ ਵੀ ਉਹਦੀਆਂ ਗੱਲਾਂ
ਪੱਲੇ ਬੰਨ੍ਹ ਆਈ
ਮੈਂ ਵੀ ਚੁੱਪ ਸਾਂ
ਉਹ ਵੀ ਚੁੱਪ ਸੀ
ਅਣਬੋਲੇ ਹਰਫ਼ਾਂ ਦਾ ਚਾਨਣ
ਅਣਛੋਹੇ ਲਫ਼ਜ਼ਾਂ ਦੀ ਧੁੱਪ ਸੀ
ਲੰਮੀ ਚੁੱਪ ਦੇ ਚਾਰ ਚੁਫੇਰੇ
ਹਨ੍ਹੇਰਾ ਘੁੱਪ ਸੀ
ਫੇਰ ਉਹ ਚੁੱਪ ਦੀਆਂ
ਹੱਦਾਂ ਟੱਪ ਕੇ
ਹੋਰ ਕਿਤੇ ਲੰਘ ਚਲਿਆ ਸੀ
ਮੈਂ ਵੀ ਉਹਨੂੰ ਕਿਵੇਂ ਕਹਿੰਦੀ
ਆ ਦੋਵੇਂ
ਹੋਰ ਕਿਤੇ ਟੁਰ ਚੱਲੀਏ
ਰਲ ਮਿਲ ਦੁੱਖ ਦੀਆਂ ਗੱਲਾਂ ਕਰੀਏ
ਹਰਫਾਂ ਅੰਦਰ ਦਿਲ ਦਾ ਘਰ ਬਣਾਈਏ
ਵਿਛੜਿਆ ਰੋਗ ਜਗਾਈਏ
ਰੌਲਾ ਪਾਈਏ।

## ਮੈਂ ਇੰਝ ਕਿਉਂ ਆਂ

ਕੱਲੀ ਬਹਿ ਕੇ ਸੋਚਾਂ

ਵਰਕਿਆਂ ਉਤੇ ਕਾਲੇ ਹਰਫ਼ ਖਿਲਾਰਾਂ
ਧੁੱਪ ਦੀ ਉਂਗਲੀ ਫੜ ਕੇ
ਅਣਡਿੱਠੇ ਰਾਹ ਦੇ ਪੰਧ ਉਸਾਰਾਂ
ਅਣਹੋਈਆਂ ਨੂੰ ਹੱਥ ਪਾਵਾਂ
ਬੋਲਣ ਤੋਂ ਘਬਰਾਵਾਂ
ਪਿਛਲੀਆਂ ਰਾਤਾਂ ਦੇ *ਫਾਲਨਾਮੇ* ਵਿਚੋਂ — ਗੈਬ ਕੀ ਬਾਤ/ਜਨਮ ਕੁੰਡਲੀ
ਸੁੱਤੇ ਲੇਖ ਨਿਤਾਰਾਂ
ਆਪਣੇ ਆਪ ਨੂੰ ਲੱਭਾਂ
ਰੱਬ ਦੇ ਭੇਤ ਪੁਕਾਰਾਂ

## ਇਸਮੇ ਮਾਰਫਤ

ਦਿਲ ਦੇ ਅੰਦਰ *ਇਸਮ* ਤੇਰੇ ਦੀ — ਨਾਮ
ਤਸਬੀ (*ਤਸਬੀਹ*) ਰੱਖੀ ਏ — ਸਿਮਰਨ
ਪੜ੍ਹਦੇ ਜਾਈਏ
ਆਪਣੇ ਆਪ ਨੂੰ ਲੱਭਣ ਚੱਲੀਏ
ਢੂੰਡੀਏ ਭਾਲੀਏ
ਲੱਭ ਕੇ ਫੇਰ ਗੁਆਈਏ।

## ਪਾਣੀ ਦੀ ਕਹਾਣੀ

ਸਵੇਰ ਦੀ ਤਰੇਲ ਦਾ ਹਾਸਾ
ਤੇ ਸਰਘੀ ਦੇ ਤਾਰੇ ਦੇ ਵੈਣ
ਜੀਵਨ ਦੀ ਕੌੜੀ ਖ਼ੁਸ਼ੀ
ਤੇ ਮਰਨ ਦਾ ਸੱਚਾ ਦੁੱਖ
ਕੌਣ ਤੱਕੇ
ਉਹ ਜਿਹੜਾ
ਰਾਤੀਂ ਤਾਰੇ ਗਿਣ ਗਿਣ
ਪੱਤਣਾਂ ਉਤੇ ਬੇੜੀ ਡੋਬਦਾ ਹੈ
ਯਾ ਉਹ ਜਿਹੜਾ
ਕੰਢੇ ਉਤੇ ਖਲੋ ਕੇ
ਪਾਣੀ ਦੀ ਕਹਾਣੀ ਸੁਣਦਾ ਏ
ਪਾਣੀ ਜਿਹਦਾ ਕੋਈ ਨੱਕ ਨਮੂਨਾ ਨਈਂ

ਕੋਈ ਥਾਂ ਟਿਕਾਣਾ ਨਈ੍ਹੀਂ
ਪਾਣੀ ਜਿਹੜਾ
ਮੌਤ ਵੀ ਏ ਤੇ *ਹਿਯਾਤੀ* ਵੀ ਏ ਜ਼ਿੰਦਗੀ
ਘੁੰਮਣ ਵੀ ਏ ਤੇ ਘੇਰ ਵੀ
ਬੇੜੀ ਵੀ ਏ ਤੇ ਮਲਾਹ ਵੀ
ਪੱਤਣ ਵੀ ਏ ਤੇ ਕੰਢਾ ਵੀ
ਪਾਣੀ ਜਿਹਦੀ ਰਮਜ ਅੱਜ ਤੱਕ
ਕਿਸੇ ਨਾ ਜਾਣੀ
ਨਾ ਕਿਸੇ ਬੁੱਢੇ ਮਲਾਹ
ਨਾ ਬੇੜੀ
ਨਾ ਈ ਮੁਸਾਫਿਰਾਂ
ਜਿਨ੍ਹਾਂ ਨੂੰ ਚੜ੍ਹਨ ਦੀ ਕਾਹਲ ਵੀ ਹੁੰਦੀ ਏ
ਤੇ ਲੱਥਣ ਦੀ ਭੀੜ ਵੀ
ਜਿਹੜੇ ਪਾਣੀ ਨੂੰ *ਕੱਪਰ* ਹੜ੍ਹ
ਤੇ ਬੇੜੀ ਨੂੰ ਖੋਭਾ ਕਹਿੰਦੇ ਨੇ
ਤੇ ਫੇਰ ਪਾਣੀ ਦਾ ਦੁੱਖ ਕੌਣ ਤੱਕੇ।

## ਕੀ ਜਾਣੀਏ

ਬੁੱਲ੍ਹੇ ਸ਼ਾਹ ਕੀ ਜਾਣੀਏ
ਕਿਵੇਂ ਕਾਲ *ਕੁਲੇਖਾਂ* ਲੱਗੀਆਂ ਮਾੜੀ
ਕਿਸਮਤ
ਕਿਵੇਂ ਮੰਦੇ ਹੋ ਗਏ ਵਿਹੜੇ
ਕਿਵੇਂ ਰੁੱਤ ਨੇ ਰਾਤਾਂ ਮੱਲੀਆਂ
ਕਿਵੇਂ ਸੌਣ ਮਨਾਏ ਅੱਖ ਨੇ
ਕਿਵੇਂ ਚੱਲੀਆਂ ਸੂਲਾਂ ਭਰੀਆਂ
ਕੀ ਰਾਤ ਦਾ ਜਾਗਣ ਹੁੰਦਾ
ਕਿਵੇਂ ਅੱਖੀਆਂ ਰਾਹ ਵਿਚ ਧਰੀਆਂ
ਕਿਵੇਂ ਮੁੜਿਆ ਕੋਈ *ਤੋੜੋਂ* ਅਖੀਰ
ਕਿਵੇਂ ਜਿੱਤੀਆਂ ਬਾਜੀਆਂ ਹਰੀਆਂ
ਬੁੱਲ੍ਹੇ ਕੀ ਜਾਣੀਏ
ਕੀ ਖੋਟੀਆਂ ਤੇ ਕੀ ਖਰੀਆਂ।

## ਸੁੱਤੇ ਰੱਬ ਦੇ ਹੱਥ ਫੜਾਏ ਕੱਚੇ ਪੱਕੇ ਖ਼ਾਬ

ਕੁਝ ਖ਼ਾਬ ਤੱਕਾਂ
ਕੁਝ *ਅਜਲਾਂ* ਦੇ ਖੂਹ ਵਿੱਚ — ਆਦਿ
ਜਾ ਸੁੱਟਾਂ
ਕੁਝ ਖ਼ਾਬ
ਦਿਲ ਦੀ ਚੁੰਨੀ ਬੰਨ੍ਹਾਂ
ਕੁਝ
ਰੱਬ ਦੇ ਹਵਾਲੇ ਕਰ ਆਵਾਂ।

## ਮੈਨੂੰ ਸਮਝਣ ਦਾ ਸ਼ੌਂਕ ਨਾ ਜਾਏ

ਨੀ ਮਾਏ ਮੈਨੂੰ ਸਮਝਣ ਦਾ ਸ਼ੌਂਕ ਨਾ ਜਾਏ
ਚਾਰੇ ਬੰਨੇ ਬੁਰਜ ਉਚੇਰੇ
ਵਾ ਕਿਤੋਂ ਨਾ ਆਏ
ਕੋਈ ਮੇਰੀ ਗਲ ਨਾ ਸਮਝੇ
ਕੋਈ ਨਾ ਮੈਨੂੰ ਪਾਏ
ਨੀ ਮਾਏ ਮੈਂ ਤਾਂ ਉੱਚੀਆਂ ਛਾਲਾਂ ਮਾਰਾਂ
ਪੈਰਾਂ ਹੇਠ ਹਨ੍ਹੇਰੀਆਂ ਵਿਛੀਆਂ
ਕਿੱਥੇ ਕਦਮ ਪਸਾਰਾਂ
ਮੇਰੇ ਅੰਦਰ ਵਗਦੀਆਂ ਰਹਿੰਦੀਆਂ
ਰੱਤਾਂ ਭਰੀਆਂ ਨਹਿਰਾਂ
ਨੀ ਮਾਏ ਮੈਂ ਤਾਂ ਅਚਨਚੇਤ ਲਾਈਆਂ
ਐਸੀਆਂ ਉਘੜੀਆਂ ਮੁੜ ਨਾ ਜੜੀਆਂ
ਰਾਤ ਦੀਆਂ *ਅਸ਼ਨਾਈਆਂ* — ਵਾਕਫੀਅਤ
ਜਿੰਦ ਨੂੰ ਡਾਢਾ ਔਖਾ ਕਰਦੀਆਂ
ਨੈਣਾਂ ਦੀਆਂ ਕਮਾਈਆਂ
ਨੀ ਮਾਏ ਮੈਂ ਤਾਂ ਹੌਉਕਿਆਂ ਡੋਲ ਭਰਾਂ
ਜਿਹਨੂੰ ਕਰਨ ਤੋਂ ਲੋਕੀਂ ਨੱਸਦੇ
ਉਹਈ ਕੰਮ ਕਰਾਂ
ਹਿਜਰ ਦੀ *ਖਾਰੀ* ਸਿਰ ਤੇ ਚਾਵਾਂ — ਟੋਕਰੀ
ਪੈਂਡਾ ਮੂਲ ਭਰਾਂ
ਜਿਹੜਾ ਰਾਹ ਕੁਰਾਹ ਸੱਦੀਦਾਂ
ਉਥੇ ਕਦਮ ਧਰਾਂ।

## ਰੱਬ ਵਾਲਾ ਮੁਹੱਲਾ

ਵਸੋ ਵੇ ਰੱਬ ਵਾਲਾ ਮੁਹੱਲਾ
ਜਿੱਥੇ ਆਪ ਉਹ ਰਹਿੰਦਾ ਏ
ਘਰ ਅੱਗੇ ਨਾਵਾਂ ਨਾ ਤਖਤੀ
ਨਾ ਕੋਈ ਪਤਾ ਨਿਸ਼ਾਨੀ
ਲੱਭੀਏ ਤੇ ਹੁਣ ਲੱਭੀਏ ਕਿੱਥੋਂ
ਅੱਖਾਂ ਅੱਗੇ ਪਾਣੀ ਏ
ਰੱਬ ਸਾਡਿਆ ਬੇਖ਼ਬਰਿਆਂ ਮੀਤਾ
ਦੱਸ ਕਿਉਂ ਐਡਾ ਜੋਰ ਚਾ ਕੀਤਾ
ਨਾਲੇ ਆਪੇ ਕੁੰਢੀਆਂ ਪਾਈਆਂ
ਨਾਲੇ ਆਪੇ ਉਹਲਾ ਕੀਤਾ
ਮਾਰ ਕੇ ਚਾਰੇ ਬੰਨੇ ਸਾਡੇ
ਵਿਚ ਪਿੰਜਰੇ ਦੇ ਕੈਦੀ ਕੀਤਾ

ਦੱਸੋ ਵੇ ਰੱਬ ਵਾਲਾ ਮੁਹੱਲਾ
ਜਿੱਥੇ ਆਪ ਉਹ ਹੁੰਦਾ ਏ
ਪਤਾ ਨਿਸ਼ਾਨੀ ਢੂੰਡਣ ਭਾਲਣ
ਵੇਖਣ ਚਾਖਣ ਗਲੀਆਂ ਬੰਨੇ
ਜਿਹੜਾ ਮੂਲ ਮਹੱਲਾ ਹੋਵੇ
ਪਤਾ ਨਿਸ਼ਾਨੀ ਉਸ ਦੇ ਕਿੰਨੇ
ਮੈਂ ਤਾਂ ਡਾਢੀ ਝੱਲੀ ਹੋਵਾਂ
ਰੇਤਾਂ ਦੇ ਵਿਚ ਕਣਕਾਂ ਬੀਜਾਂ
*ਨ.ਫਸ* ਦਾ ਪਾਣੀ ਰੱਜ ਰੱਜ ਦੇਵਾਂ ਹਾਉਮੈਂ
ਫ਼ਸਲ ਦੀਆਂ ਤਾਂਘਾਂ ਵਿੱਚ ਰੋਵਾਂ
ਬੰਨੇ ਉਤੇ ਬਾਂਹ ਧਰ ਸੌਵਾਂ
ਉਸ ਮਾਹੀ ਨੂੰ ਬੈਠੀ ਲੋੜਾਂ
ਜਿਹਣੀਆਂ ਹਰਦਮ ਰਹਿੰਦੀਆਂ ਥੋੜਾਂ

## ਬੰਦੀ ਤੁਹਾਡੀ ਕਾਲੜੀ

ਮੇਰੇ *ਨੱਬੀਏ ਮੁਸਤਫਾ* ਰਸੂਲ/ਪੈਗੰਬਰ, ਹਜਰਤ
ਮੁਹੰਮਦ
ਆਖੇ ਮੇਰੀ ਤਕਦੀਰ ਨੂੰ

ਬੰਦੀ ਮੇਰੀ *ਦਿਲਗੀਰ* ਏ　　　　　　　　　　　　ਉਦਾਸ
ਦੁੱਖਾਂ ਦੀ ਉਹਨੂੰ ਭੀੜ ਏ
ਸਾਬਤ ਸਬੂਤੀ ਨਾ ਕਹੋ
ਅੰਦਰੋਂ ਇਹ ਲੀਰੋ ਲੀਰ ਏ

ਸਰਕਾਰ ਇਹੋ ਅਰਜ ਏ
ਹੁਣ ਹਾਜ਼ਰੀ ਦੀ ਗਰਜ ਏ
ਜਿੰਦੜੀ ਨਿਮਾਣੀ ਰੁਲ ਗਈ
ਹੁਣ ਤੇ ਹਿਯਾਤੀ ਕਰਜ ਏ

ਸਾਵ੍ਹਾਂ ਨੂੰ ਇਹ ਸਮਝਾਓਣਾ
ਉਹਲਾ ਨਾ ਮੇਰਾ ਲਾਵਣਾ
ਬੰਦੀ ਤੁਹਾਡੀ ਕਾਲੜੀ
ਐਬਾਂ 'ਤੇ ਪਰਦਾ ਪਾਉ ਨਾ
ਸੂਲਾਂ ਲਗਾਈ ਚੌਕੜੀ
ਸਰਕਾਰ ਵੱਲੜੀ ਔਖੜੀ
ਬਾਂਹ ਫੜ ਲਉ ਤੇ ਸੌਖੜੀ
ਮੈਂ ਔਖੜੀ ਮੈਂ ਔਖੜੀ।

## ਅਸਾਂ ਰੱਜ ਕੇ *ਪਰਮ* ਕਮਾਉਣਾ　　　　　　　　ਬਹੁਤ

ਅੱਜ ਜ਼ੁਲਮ ਦੀ ਡੋਲੀ ਉੱਠੀ ਏ
ਤੈਥੋਂ ਹੀਰ ਪਰਮ ਦੀ ਖੁੱਸੀ ਏ
ਨਾ ਜਾ ਕੇ ਕੰਨ ਪੜ੍ਹਵਾ
ਵੇ ਜੋਗੀਆ
ਕੋਈ ਨਵਾਂ ਭੁਲੇਖਾ ਪਾ
ਇੱਥੇ ਚੀਕਾਂ ਪਾਟੇ ਕੱਪੜੇ
ਕੁਝ ਧੂੜ ਤੇ ਕੁਝ ਧੱਪੜੇ
ਇੱਥੇ ਰੋਗ ਅਸਾਂ ਨੇ ਭੋਗਣੇ
ਕੁਝ ਪਾਣੇ ਨੇ ਕੁਝ ਧੋਣੇ ਨੇ
ਹੁਣ ਹੀਰ ਦੁੱਖਾਂ ਦੀ ਗਾ
ਤੈਥੋਂ ਤਖ਼ਤ ਹਜਾਰਾ ਖੁੱਸਿਆ
ਸੁੱਖ ਚੈਨ ਤੇਰੇ ਤੋਂ ਰੁੱਸਿਆ
ਤੂੰ ਕੱਲ੍ਹਾ ਜਾਂਦਾ ਦਿੱਸਿਆ
ਦਿਲ ਦੁਖਿਆ ਡਾਢਾ ਦੁਖਿਆ

ਜਾਹ ਯਾਰ ਦੀ ਖਬਰ ਲਿਆ

ਹੁਣ ਸੜਕਾਂ *ਗੋਰ* ਸ਼ਮਸ਼ਾਨ ਨੇ ਕਬਰ
ਦਿਲ ਦੁੱਖਾਂ ਦਾ ਸਮਾਨ ਨੇ
ਜਿਹੜੇ ਟੁਰਦੇ ਜਾਂਦੇ ਦਿਸਦੇ
ਫਾਹ ਲੈ ਕੇ ਜਿਉਂਦੇ ਜਾਨ ਨੇ
ਜਾਹ ਵਾਰਿਸ ਸ਼ਾਹ ਕੋਲ ਜਾਹ
ਇਹ ਗਲ ਜਾ ਕੇ ਸਮਝਾ

ਹੁਣ ਹੀਰ ਦਾ ਲਿਖਣਾ ਸ਼ਾਹ ਜੀ
ਇਹ ਲੱਗੀ ਏ ਹੁਣ *ਭਾਹ* ਜੀ ਅੱਗ
ਇੱਥੇ ਮੌਤ ਦੇ *ਖੇੜੇ* ਨੱਚਦੇ ਹੀਰ ਦੇ
ਸੁਹਰੇ
ਤੇ ਨਿੱਤ ਨੇ ਰਾਂਝੇ ਮਰਦੇ
ਸੜਕਾਂ 'ਤੇ ਵਿਛੇ ਸਿਹਰੇ
ਤੇ ਸੂਹੇ *ਸਾਲੂ* ਸੜਦੇ ਚੁੰਨੀ
ਇੱਥੇ ਅਣਡਿੱਠੀਆਂ ਅਣਭਾਲੀਆਂ
ਨਿੱਤ ਰੋਜ ਨੇ ਮੌਤਾਂ ਜਾਲੀਆਂ
ਇੱਥੇ ਰੋਜ ਹਨ੍ਹੇਰੇ ਜੰਮਦੇ
ਚੰਨ ਲੁਕਦੇ ਛੁਪਦੇ ਕੰਬਦੇ
ਇੱਥੇ ਰੱਜ ਹਨ੍ਹੇਰੀ ਜੁਲਮ ਦੀ
ਕੁਝ ਵਸ ਨਾ ਚੱਲੇ ਕਲਮ ਦੀ

ਇੱਥੇ ਰੋਜ ਕਰਮ ਅਜਮਾਂਦੇ
ਦੁਖੀ ਤਾਰੇ ਤੇ ਚੰਨ *ਮਾਂਦੇ* ਬਿਮਾਰ
ਇੱਥੇ ਨਿੱਤ ਨੇ ਜੰਞਾਂ ਚੜ੍ਹਦੀਆਂ
ਫਾਹ ਲੈ ਕੇ ਹੀਰਾਂ ਮਰਦੀਆਂ
ਇੱਥੇ ਰੋਜ ਨੇ ਵਾਜੇ ਵੱਜਦੇ
ਮਿਰਜੇ ਘੋੜੀ 'ਤੇ ਗੱਜਦੇ

ਕਬਰਾਂ ਆਈ ਬਹਾਰ ਏ
ਸਿਰ ਸਾਡੇ ਆਈ *ਵਾਰ* ਏ ਵਾਰੀ
ਕੋਈ ਪਹਿਲੋਂ ਤੇ ਕੋਈ ਪਿੱਛੋਂ
ਸਿਰ ਚੜ੍ਹਦੀ ਆਂਦੀ ਧਾੜ ਏ

ਹੁਣ ਵਾਰਸ ਸ਼ਾਹ ਜੀ ਸੁਣ ਲਉ
ਪੋਣਾ ਰੱਖ ਕੇ ਗੱਲ ਨੂੰ ਪੁਣ ਲਉ
ਹੁਣ ਚੱਕੋ ਕਲਮ ਤਲਵਾਰ ਨੂੰ
ਇਹ ਦੁੱਖ ਦੇ ਡਾਢੇ ਭਾਰ ਨੂੰ
ਹੁਣ ਰਾਂਝਾ ਵਾਰਸ ਸ਼ਾਹ ਲਿਖੋ
ਹੁਣ ਆਪਣੇ ਆਪ ਵੱਲ ਤੱਕੋ
ਹਰ ਬੂਹ ਮਾਰੇ ਝਾਤਾਂ
ਕੰਧਾਂ ਰੋਂਦੀਆਂ ਤੇ ਕਰਲਾਉਂਦੀਆਂ
ਇੱਥੇ ਹੀਰਾਂ ਉਜੜੀ ਸੇਜ ਵੇ
ਕੋਈ ਰਾਂਝੇ ਦੋਵੋ ਭੇਜ ਵੇ

ਕੋਈ ਦੁੱਖ ਦੀ ਵਾਰ ਵੀ ਝੱਲੇ
ਕੋਈ ਜੁਲਮ ਨੂੰ ਲਾਵੇ ਥੱਲੇ

ਕੋਈ ਦੁੱਖ ਦਾ ਦਰਦੀ ਲੱਭਿਆ
ਕੋਈ ਗੱਲ ਅੰਦਰ ਦੀ ਦੱਸਿਉ
ਕੁਝ ਅਗਲੀਆਂ ਪਿਛਲੀਆਂ ਫੋਲਿਉ
ਤੇ ਗੱਲ ਕੰਡਿਆਂ 'ਤੇ ਤੋਲਿਉ
ਹੁਣ ਬਣੋਂ ਤੁਸੀਂ *ਸਰਾਫ਼* ਜੀ ਵੱਡਾ
ਸੁਨਿਆਰਾ
ਇਹ ਸੋਨਾ ਕਰਨਾ ਸਾਫ਼ ਜੀ
ਗਲ ਪਰਮ ਪ੍ਰੀਤ ਦੀ ਆਖਰੀ
ਅਸਾਂ ਦਿਲ ਦੀ ਕਰਨੀ ਚਾਕਰੀ
ਅਸੀਂ ਰੱਜ ਕੇ ਪਰਮ ਕਮਾਉਣਾ
ਸਾਨੂੰ ਰਾਂਝਾ ਜੋਗੀ ਭਾਉਣਾ।

## ਵੇ ਪਾਂਧੀਆ

ਵੇ ਪਾਂਧੀਆ
ਕਰ ਪੰਧ ਨਬੇੜੇ ਪਾਂਧੀਆ
ਨਿੱਤ ਰੋਜ ਭੁਲੇਖੇ ਪਾਂਦਿਆ
ਨਵੇਂ ਰਾਹ ਤੇ ਸਫ਼ਰ ਕਮਾਦਿਆ
*ਕੈਂ* ਭਾਰ ਪੈਂਡੇ ਦੇ ਚਾਂਦਿਆ ਕਈ
ਕਰ ਅੱਗੇ ਵੱਲ ਧਿਆਨ
ਨਾ ਕਰ ਪੈਂਡੇ ਦਾ ਮਾਨ

ਇਹ ਰਾਜ *ਮਿਜਾਜ* ਨਾ ਰਹਿਣਾ — ਸੁਭਾਅ
ਕਈ ਆਏ ਤੇ ਕਈ ਜਾਣ।

## ਨੀਲੇ ਤਨ ਨੂੰ ਸਾਵਾ ਰੰਗੇ

ਆਪ ਸੁੱਖ ਦਾ ਮਣਕਾ ਲੱਭੇ
ਆਪੇ ਦੁੱਖ ਦਾ ਜਹਿਰ ਪਵਾਵੇ
ਨੀਲੇ ਤਨ ਨੂੰ *ਸਾਵਾ* ਰੰਗੇ — ਹਰਾ
ਸਾਵਾ ਨੀਲ ਕਰਾਵੇ
ਮੈਥੋਂ ਆਪਣਾ ਆਪ ਲੁਕਾਵੇ

ਭੁੱਲ ਚੁੱਕ ਉਤੇ ਹੱਸਦਾ ਜਾਵੇ
ਪੜ੍ਹਾਂ ਸਬਕ ਤੇ ਆਣ ਭੁਲਾਵੇ
ਰਾਤੀਂ ਸਵਾਂ ਤੇ ਆਣ ਡਰਾਵੇ
*ਦਿੰਹੁ* ਵੇਲ ਨਾ ਝਾਤੀ ਪਾਵੇ। — ਦਿਨ

## ਪਛਾਣ

ਮੈਂ ਗੁਲਾਮਾਂ ਦੀ ਓਸ ਜਮਾਤ ਵਿਚੋਂ ਆਂ
ਜਿਸ ਦੀ ਗਿਣਤੀ
ਦੁਨੀਆ ਦੀ ਕਿਸੀ ਮਰਦਮ *ਸ਼ੁਮਾਰੀ* ਵਿੱਚ ਨਹੀਂ — ਗਿਣਤੀ
ਮੇਰਾ ਨਾਂ
ਮੇਰਿਆਂ ਹੱਥਾਂ ਦੀਆਂ ਲੀਕਾਂ ਵਿਚ ਵੀ
ਮੈਨੂੰ ਨਝ਼ੀ ਦਿਸਦਾ
ਤੇ *ਜ਼ਮੀਂ* ਦੀਆਂ ਝੀਥਾਂ ਵਿਚ ਵੀ — ਜਮੀਨ
ਇਹਦਾ ਕੋਈ ਨਿਸ਼ਾਨ ਨਹੀਂ
ਅਸਮਾਨ ਤੇ ਉਂਝ ਵੀ ਡਾਢਾ ਦੂਰ ਏ
ਰੱਬਾ! ਮੈਂ ਆਪਣਾ ਨਾਵਾਂ
ਕਿੱਥੇ ਲਿਖਾਂ?
ਕਿਹੜੀ ਤਕਦੀਰ ਦਿਆਂ ਵਰਕਿਆਂ ਉਤੇ
ਤੇ ਹਵਾ ਦੀ ਕਿਹੜੀ ਕੰਧ ਉਤੇ *ਖੱਟਾਂ* — ਲੀਕਾਂ
ਮਾਰਨਾ
ਆਪਣੇ ਨਾਂ ਦੀਆਂ ਲੀਕਾਂ
ਕਿਹੜੇ ਦਿਲ ਦੇ ਸ਼ੀਸ਼ੇ ਵਿਚੋਂ

ਆਪਣਾ ਮੂੰਹ ਵੇਖਾਂ
ਜਿਹੜਾ ਬੇਸ਼ਨਾਖ਼ਤੀ ਦੀ ਧੂੜ ਵਿੱਚ
ਉਡਿਆ-ਪੁੱਡਿਆ
ਖਿਲਰਿਆ-ਪੁਲਰਿਆ
ਵੇਲੇ ਦੇ ਬੂਹੇ ਅੱਗੇ
ਲੱਗੀ ਰੂੜੀ ਵਾਂਗੂੰ
ਨਿਮਾਣਾ ਜਿਹਾ ਲਗਦਾ ਏ
ਰੱਬਾ ਮੇਰੇ ਨਾਂ ਦੀ ਰਾਤ ਕਿੱਥੇ ਏ?
ਤੇ ਮੇਰੇ ਹਿੱਸੇ ਦੇ *ਦੇਂਹ* ਦਾ — ਦਿਨ
ਚੁਬਾਰਾ ਕਿੱਥੇ ਏ?
ਜਿੱਥੇ ਮੇਰੇ ਆਪਣੇ ਸਾਹ
ਮੇਰੇ ਨਾਂ ਨਾਲ ਰੱਖੇ ਨੇ।

## ਮੇਰੇ ਅੰਦਰ ਸੂਰਜ ਮਰਿਆ

ਕੁਝ ਮੈਂ ਭੁੱਲੀ ਕੁਝ ਤੂੰ ਭੁੱਲਿਆ
ਤੇ ਇੰਝ ਦਿਲਾਂ ਦਾ ਬੂਹਾ ਖੁੱਲ੍ਹਿਆ
ਸੂਰਜ ਅੰਦਰ ਝਾਤੀ ਪਾਈ
ਸਾਰਾ ਚਾਨਣ ਵਿਹੜੇ ਢਲਿਆ
ਅੱਖਾਂ ਵਿਚੋਂ ਨੀਂਦਰ ਉਘੜੀ
ਖ਼ਾਬਾਂ ਵਾਲਾ ਮੌਸਮ ਟਲਿਆ
ਬੀਨ ਵਜਾ ਕੇ ਸੱਪ ਬੁਲਾਇਆ
ਜੋਗੀ ਬੂਹੇ ਅੱਗੋਂ ਮੁੜਿਆ
ਸ਼ਹਿਰਾਂ ਅੰਦਰ ਚੁੱਪ ਦਾ ਹੋਕਾ
ਜੰਗਲਾਂ ਦੇ ਵਿਚ ਰੌਲਾ ਭਰਿਆ
ਰਾਤਾਂ ਜੱਗ ਵਿੱਚ *ਹਸ਼ਰ* ਉਠਾਇਆ — ਕਿਆਮਤ/ਪਰਲੋ
ਮੇਰੇ ਅੰਦਰ ਸੂਰਜ ਮਰਿਆ।

## ਕਹਾਣੀ ਵਰਗੇ ਲੋਕ

ਬਾਲਾਂ ਨੂੰ ਸਮਝਾਵਣ ਆਈਆਂ
ਰੰਨਾਂ *ਵਸਤੀ* ਲੋਕ ਦੀਆਂ — ਬਸਤੀ
ਚਾਨਣ ਨੂੰ ਹੱਥ ਪਾਵਣ ਵਾਲੇ

ਤਾਰੇ ਤੋੜ ਲਿਆਵਣ ਵਾਲੇ
ਘਰ ਵਿੱਚ *ਡੀਵਾ* ਬਾਲਣ ਵਾਲੇ ਦੀਵਾ
ਡੀਵੇ ਦੀ ਲੱਜ ਪਾਲਣ ਵਾਲੇ
ਦੁੱਖ ਸੀਨੇ ਤੇ *ਜਾਲਣ* ਵਾਲੇ ਝੱਲਣਾ
ਸੂਰਜ ਵਿਹੜੇ ਢਾਲਣ ਵਾਲੇ
ਲੋਕੀ ਗੱਲ ਕਿਤਾਬੀ ਨੇ।

## ਮੇਰੀ ਨੱਥਲੀ ਚਾਰ ਦਿਹਾੜੇ

ਮੇਰੀ ਡੋਲੀ ਬਿਨ ਕੁਹਾਰਾਂ
ਵੇ ਬਾਬਲ ਨਾ ਮੋੜ ਮੁਹਾਰਾਂ
ਮੇਰੀ ਅੱਖ ਦਾ ਕੱਜਲ ਸੜਦਾ

ਹਾਰ ਸ਼ਿੰਗਾਰ ਮੇਰੇ ਵਿਚ ਮਰਦਾ
ਮੇਰੀ ਨਥਲੀ ਚਾਰ ਦਿਹਾੜੇ
ਹਾਏ ਕਿੱਡੇ ਦੂਰ ਪਸਾਰੇ
ਸੁਰਖੀ ਮੇਰੀ ਮਿਟਦੀ ਜਾਵੇ
ਕੌਣ ਇੱਥੋਂ ਹੁਣ ਕੱਢਣ ਆਵੇ
ਮੇਰਾ ਟਿੱਕਾ ਮੇਰਾ ਗਾਨਾ
ਉਹਦੀਆਂ ਅੰਤ ਨੇ ਉੱਚੀਆਂ ਸ਼ਾਨਾਂ
ਵੇ ਬਾਬਲ ਮੈਂ ਜੰਮਦੀਉਂ ਮਰਦੀ
ਨਾ ਤੁੱਧ ਤਕਦੀ ਨਾ ਤੁੱਧ ਹਰਦੀ
ਵੇ ਬਾਬਲ ਮੇਰੇ ਰੋਗ ਅਨੋਖੇ
ਲੰਮੇ ਪੰਧ ਤੇ ਪੈਂਡੇ ਔਖੇ
ਵੇ ਬਾਬਲ ਮੈਨੂੰ 'ਵਾਜ ਨਾ ਦੇਵੀਂ
ਨਾ ਹੁਣ ਮੇਰੇ ਚੁੰਨੀ *ਭੇਵੀਂ* ਭਿਉਣੀ
ਮੈਂ ਤਾਂ ਬਾਬਲ ਮੂਲ ਪਰਾਈ
ਕਿਸੇ ਨਾ ਦਿੱਤੀ ਆਣ ਵਧਾਈ
ਬਾਬਲ ਮੈਂ ਹਾਂ ਕੱਲਮ ਕੱਲੀ
ਅਕਲਾਂ ਵਾਲਿਆਂ ਦੇ ਵਿੱਚ ਝੱਲੀ
ਮੈਨੂੰ ਦੇਵੇ ਕੌਣ ਤਸੱਲੀ
ਹੁਣ ਮੈਂ ਕਿਸ ਦਾ ਰਾਹ ਮੱਲ ਖਲੀ।

## ਕਦੀ ਨਾ ਹੱਸਦੀ ਰੋਵਾਂ ਮੈਂ

ਉਹ ਧਰਤੀ ਦੇ ਅਸਰਾਰਾਂ ਵਿੱਚ ਰਹੱਸ
ਉਹ ਕੱਲਾ ਲੱਖ ਹਜਾਰਾਂ ਵਿਚ
ਉਹ ਚੰਨ ਤੇ ਤਾਰਿਆਂ ਦਾ
ਉਹ ਪਰਦਾ ਉਹਲਾ ਸਾਰਿਆਂ ਦਾ
ਉਹ ਦਰਿਆ ਕੰਢੇ ਰਹਿੰਦਾ ਵੇ
ਉਹ ਪਾਣੀ ਅੰਦਰ ਹੋਂਦਾ ਏ
ਸਭ ਉਹਦੇ ਨਾਲ ਬਹਾਰਾਂ ਨੇ
ਉਹਦੇ ਰੰਗ ਤੇ ਰੂਪ ਹਜਾਰਾਂ ਨੇ
ਉਹਦੇ ਨਾਂ ਦੇ ਹੇਠ ਖਲੋਵਾਂ ਮੈਂ
ਉਹਦੀ ਚਾਦਰ ਤਾਣਕੇ ਸੌਵਾਂ ਮੈਂ
ਜੇ ਉਹ ਆਵੇ ਮੇਰੇ ਸੁਪਨੇ ਵਿੱਚ
ਫੇਰ ਕਦੀ ਨਾ ਹਸਦੀ ਰੋਵਾਂ ਮੈਂ

## ਨਿੱਕੀ ਭੰਬੀਰੀ ਦਾ ਘਰ

ਇਕ ਬੂਟਾ ਸੀ ਹਰਿਆ ਅੰਬ ਵਾਲਾ
ਉਸ ਬੂਟੇ ਦੇ ਚਾਰ ਚੁਫੇਰੇ
ਫਿਰਦੇ ਸੱਭੇ ਮੌਸਮ ਖਿਆਲ ਬਹਾਰ ਵਾਲੇ
ਇਕ ਵੇਲ ਅੰਗੂਰ ਦੀ ਖੱਟ-ਮਿੱਠੀ
ਪਾ ਕੇ ਸਬਜ ਪੁਸ਼ਾਕ *ਜਮਾਲ* ਵਾਲੀ ਹੁਸਨ
ਸੱਚੇ ਹਿਜਰ ਤੇ ਸੂਹੇ ਵਸਾਲ ਵਾਲੀ
ਵਧਕੇ ਆਈ ਉਡੀਕ ਆਸ ਵਾਂਗੂੰ
ਉਹਨੇ ਤੱਕਿਆ ਅੰਬ ਦੇ ਬੂਰ ਵੱਲੇ
ਤੇ ਬੂਟਾ ਹੱਸਿਆ ਰੋਇਆ ਯਾ ਚੁੱਪ ਰਿਹਾ
ਇਸ ਬਾਰੇ ਨਈਂ ਮੌਸਮ ਕੁਝ ਲਿਖਦਾ
ਬਸ ਇਹੋ ਈ ਲਿਖਿਆ ਸੀ ਮੌਸਮਾਂ ਨੇ
ਕਿਤੇ ਨਿੱਕੀ ਜਿਹੀ ਇਕ ਤੜਾਕ ਹੋਈ
ਕੋਈ ਗੁੱਛਾ ਅੱਥਰੂ ਵਾਂਗ ਡਿੱਗਿਆ
*ਹਿਕ* ਨਿੱਕੀ ਭੰਬੀਰੀ ਦਾ ਘਰ ਟੁੱਟਿਆ। ਇਕ

## ਦੁਖੀਆ ਵੇ

ਦੁਖੀਆ ਵੇ
ਮੈਂ ਵੀ ਦੁਖਿਆਰੀ
ਮੈਂ ਵੀ ਦੁੱਖਾਂ ਜਿੰਦ ਹੰਡਾਈ
ਬਾਲ ਚੁਆਤੀ ਹਿਜਰਾਂ ਵਾਲੀ
ਵਿਚ ਕਲੇਜੇ ਲਾਈ

ਦੁਖੀਆ ਵੇ
ਮੈਂ ਵੀ ਦੁਖਿਆਰੀ
ਆਪਣੇ ਦੁੱਖ ਨਾ ਫੋਲ
ਜਿੰਦ ਤਮਾਸ਼ੇ ਨਾ ਪਾ ਆਪਣੀ
ਨਾ ਤੂੰ ਹੰਝੂ ਫੋਲ
ਬਹਿ ਜਾ ਬੇਖ਼ਬਰੀ ਦੀ ਛਾਂਵੇਂ
ਕੁਝ ਨਾ ਮੂੰਹੋਂ ਬੋਲ

ਦੁਖੀਆਂ ਵੇ
ਮੈਂ ਵੀ ਦੁਖਿਆਰੀ
ਮੇਰੇ ਨਾਲ ਕਿੱਕਰ ਦੇ ਕੰਡੇ
ਕਦੀ ਨਾ ਕਿਸੇ ਪੁੱਛੇ ਸਾਥੋਂ
ਕਦੀ ਨਾ ਕਿਸੇ ਵੰਡੇ
ਆਪੇ ਚੁੱਭਦੇ ਆਪੇ ਝੜਦੇ
ਤਨ ਹੰਡਾਏ ਕੰਡੇ

ਦੁਖੀਆ ਵੇ
ਮੈਂ ਵੀ ਦੁਖਿਆਰੀ
ਮੇਰਾ ਨਾਂ ਕਦੀ ਨਾ ਪੁੱਛੀਂ
ਨਾ ਕੁਝ ਆਪਣੀ ਦੱਸੀਂ ਮੈਨੂੰ
ਨਾ ਕੁਝ ਮੇਰੀ ਬੁੱਝੀਂ
ਪਾੜ ਕੇ ਵਰਕਾ ਵਸਲਾਂ ਵਾਲਾ
ਹਿਜਰ ਦਾ ਚਰਖਾ ਕੱਤੀਂ

ਦੁਖੀਆ ਵੇ
ਮੈਂ ਵੀ ਦੁਖਿਆਰੀ
ਨਊਂ ਦੁਨੀਆਂ ਫੁੱਲ-ਫਲਾੜੀ
ਤੱਤੀਆਂ ਰੇਤਾਂ ਫੱਕਦਿਆਂ ਇੱਥੇ
ਸਾਰੀ ਉਮਰ ਗੁਜਾਰੀ
ਨਿਹੁੰ ਲਾ ਕੇ ਕਦੀ ਕੋਈ ਨਾ ਜਿੱਤਿਆ

ਤੂੰ ਜਿੱਤਿਆ ਮੈਂ ਹਾਰੀ
ਦੁਖੀਆ ਵੇ
ਮੈਂ ਵੀ ਦੁਖਿਆਰੀ
ਮੇਰੇ ਹੱਥ ਪ੍ਰੀਤਾਂ ਵੱਢੇ
ਨਾ ਮੈਂ ਕਾਲ *ਦੁਨੀ* ਦੇ ਕੀਤੇ — ਦੁਨੀਆ
ਨਾ ਮੈਂ ਸੂਤਰ ਕੱਤੇ
ਨਾ ਮੈਂ ਦੀਨ ਨੂੰ ਸਿਰ ਤੇ ਚਾਇਆ
ਨਾ ਮੈਂ *ਭੋਛਣ* ਸੱਤੇ — ਲਿਬਾਸ

ਦੁਖੀਆ ਵੇ
ਮੈਂ ਵੀ ਦੁਖਿਆਰੀ
ਮੇਰੇ ਨਾਲ ਪ੍ਰੀਤ ਨਾ ਲਾਵੀਂ
ਓਝੜ ਪੈਂਡਾ ਰਾਹ ਕਵੱਲਾ

ਨਾ ਤੂੰ ਠੁੱਡੇ ਖਾਵੀਂ
ਇਸ਼ਕ ਮੇਲੇ ਦੇ ਅੰਦਰ ਨਾ
ਆਪਣਾ ਆਪ ਗੁਆਵੀਂ

ਦੁਖਆ ਵੇ
ਮੈਂ ਵੀ ਦੁਖਿਆਰੀ
ਮੇਰਾ ਨਾਂ *ਫਲਾਹੀ* ਹੁੰਦਾ — ਦਰੱਖਤ ਦਾ ਨਾਂ
ਮੇਰੀ *ਵਾਸੋਂ* ਰੇਤਾਂ ਅੰਦਰ — ਵਸਣਾ
ਜਿੱਥੇ ਧੁੱਪ ਤਮਾਸ਼ਾ ਹੁੰਦਾ
ਨਾ ਕੋਈ ਮੇਰੇ ਅੰਦਰ ਫਲਦਾ
ਨਾ ਕੋਈ ਬਹਿ ਸਰਾਹਣੇ ਰੋਂਦਾ

## ਉਥੇ ਇਸ਼ਕ ਉਧਾਰਾ ਨਹੀਂ ਮਿਲਦਾ

ਇਹ ਇਸ਼ਕ ਉਧਾਰਾ ਨਹੀਂ ਮਿਲਦਾ
ਉਹ ਖ਼ਾਬ ਦੁਬਾਰਾ ਨਹੀਂ ਮਿਲਦਾ
ਤੂੰ ਜਿਹੜੇ ਪਾਸੇ ਟੁਰਦੀ ਏਂ
ਉਹ ਪਾਸਾ ਤੇਰਾ ਪਾਸਾ ਨਹੀਂ
ਤੂੰ ਜਿਹੜੀ ਥਾਵੇਂ ਬੈਠੀ ਏਂ
ਉਹ ਥਾਂ ਤੇ ਮੂਲ ਪਰਾਈ ਏ
ਤੂੰ ਜਿਸ ਦੇ ਪਿਛੇ ਨੱਸਦੀ ਏਂ

ਜਿਹਨੂੰ ਜਾਗਦੀ ਅੱਖ ਨਾਲ ਤੱਕਦੀ ਏਂ
ਉਹ ਖ਼ਾਬ ਕਿਨਾਰਾ ਨਹੀਂ ਮਿਲਦਾ
ਜਿੱਥੇ ਹੀਰ ਸਿਆਲ ਦਾ ਮੇਲ ਹੋਵੇ
ਜਿੱਥੇ ਦਰਿਆਵਾਂ ਦਾ ਫੇਰ ਹੋਵੇ
ਹੰਝੂਆਂ ਦਾ ਘੁੰਮਣ ਘੇਰ ਹੋਵੇ
ਇੱਥੇ ਇਸ਼ਕ ਕਦੀ ਨਾ ਗ਼ੈਰ ਹੋਵੇ
ਉਸ ਵਸਲ ਦਾ ਕਾਰਾ ਨਹੀਂ ਮਿਲਦਾ

ਜਿੱਥੇ ਅੱਗ *ਪਰਮ* ਦੀ ਬਲਦੀ ਏ ਬਹੁਤ
ਜਿੰਦ ਨੂੰ ਫੱਟਾਂ ‘ਤੇ ਮਲਦੀ ਏ
ਜਿੱਥੇ ਆਸ਼ਕ ਲੋਕ ਜਮੀਨੀ ਨੇ
ਜਿੱਥੇ ਬੇਦਿਲ ਅਰਸ਼ *ਮਕੀਨੀ* ਵਾਸੀ
ਜਿੱਥੇ ਲੋ ਦਾ ਦਾਰੂ ਪੀਣਾ ਏਂ
ਤੇ *ਚਾਕ* ਦੁੱਖਾਂ ਦਾ ਸੀਣਾ ਏਂ ਫੱਟ
ਉਥੇ ਯਾਰ ਦੁਬਾਰਾ ਨਹੀਂ ਮਿਲਦਾ
ਉਥੇ ਇਸ਼ਕ ਉਧਾਰਾ ਨਹੀਂ ਮਿਲਦਾ।

## ਹੁਣ ਤੇ ਬਾਜੀ ਹੱਥ ਅਸਾਡੇ

ਹੁਣ ਮਰਨਾ ਦਾ *ਸਰਫ਼ਾ* ਕਿਹੜਾ ਕੰਜੂਸੀ
ਆ ਜੀਵਨ ਦਾ ਕਿੱਸਾ ਛੋਹੀਏ
ਹੁਣ ਤੇ ਉਹ ਸਭ ਗੱਲਾਂ ਕਰੀਏ
ਜਿਹੜੀਆਂ ਅੱਜ ਤੱਕ ਨਈਂ ਕਰ ਸਕੇ
ਪੀਲੇ *ਦਿੰਹ* ਦੇ ਵਰਕੇ ਉਤੇ ਦਿਨ
ਰਲ ਮਿਲ ਕੇ ਕੁਝ ਨਾਂ ਲਿਖ ਲਈਏ
ਥੋੜਾ ਸੌਂ ਕੇ ਜਾਗੀਏ
ਤੇ ਜਾਗ ਕੇ ਨੀਂਦਰ ਲਈਏ
ਕੁਝ ਕੁਝ ਸਾਉਣ ਮਨਾਈਏ
ਕੁਝ ਧੁੱਪ ਪੈਂਡੇ ਵਿਚ ਪਈਏ
*ਡੀਵਾ* ਬਾਲ ਕੇ ਹੀਰ ਨੂੰ ਪੜ੍ਹੀਏ ਦੀਵਾ
ਮੁੜ ਰਾਂਝਾ ਰਾਂਝਾ ਕਰੀਏ
ਹੁਣ ਤੇ ਰਲ ਰੋ ਧੋ ਲਈਏ
ਨਾਲੇ ਬਹਿ ਕੇ ਕੁਝ ਹੱਸ ਲਈਏ
ਹੁਣ ਤੇ ਬਾਜੀ ਹੱਥ ਅਸਾਡੇ

ਆ ਜਿਉਣੇ ਨੂੰ ਮਿਹਣਾ ਕਹੀਏ।

## ਕੁਝ ਕੀ ਏ ?

ਮੈਂ ਵੀ ਕੁਝ ਨਈਂ
ਤੂੰ ਵੀ ਕੁਝ ਨਈਂ
ਤੇ ਫੇਰ ?

## ਨਾ ਈ ਬਹਿ ਕੇ ਰੁੰਨੀ — ਰੱਈ

ਨਾ ਮੈਂ ਲੁੱਕਣ ਮੀਟੀ ਖੇਡੀ
ਨਾ ਮੈਂ ਲਾਹੀ ਚੁੰਨੀ
ਨਾ ਮੈਂ ਖੇਡੀ ਨਾਲ ਸਹੇਲੀਆਂ
ਨਾ ਮੈਂ ਚਾੜ੍ਹੀ *ਕੁੰਨੀ* — ਤੌੜੀ
ਨਾ ਮੈਂ ਫੁੱਲ ਗੁਲਾਬਾਂ ਪਾਏ
ਨਾ ਮੈਂ ਛੱਲੀ ਭੁੰਨੀ
ਨਾ ਮੈਂ ਇਸ਼ਕ ਸਕੂਲੇ ਬੈਠੀ
ਨਾ ਮੈਂ ਕੰਨੀ ਸੁੰਨੀ
ਨਾ ਮੈਂ ਹਿਜਰ ਵਿਛੋੜੀ
ਨਾ ਮੈਂ ਵਸਲਾਂ *ਗੁੰਨੀ* — ਗੁਣ
ਨਾ ਮੈਂ ਉਹਨੂੰ ਵੇਖ ਕੇ ਹੱਸੀ
ਨਾ ਈ ਬਹਿ ਕੇ *ਰੁੰਨੀ*। — ਰੋਈ

## ਪੁਤਲੀ, ਤਮਾਸ਼ਾ ਤੇ ਮਾਂ

ਤੂੰ ਕਿੱਥੇ ਏਂ
ਕੀ ਤਕਦਾ ਏਂ
ਉਤੇ ਬਹਿ ਕੇ
ਐਡਾ ਚੁੱਪ ਚੁਪੀਤਾ ਕਿਉਂ ਏ
ਇੱਥੇ ਹੋਣ ਵਾਲਿਆਂ ਜ਼ੁਲਮਾਂ ਤੋਂ
ਐਡਾ ਨਾਵਾਕਿਫ਼ ਕਿਉਂ ਏ
ਨਿੱਤ ਦਿਹਾੜੇ ਮਾਸੂਮਾਂ ਦੇ ਕਤਲ ‘ਤੇ
ਤੇਰੀ ਅੱਖ ਕਿਉਂ ਨਈਂ ਭਿੱਜਦੀ
ਕੀ ਤੈਨੂੰ ਰੋਣਾ ਨਈਂ ਆਉਂਦਾ

ਤੈਨੂੰ ਦੁੱਖ ਨਹੀਂ ਲਗਦਾ
ਕੀ ਉਹ ਸਿਰਫ ਖਿਡਾਉਣੇ ਨੇ
ਜਿਸ ਨਾਲ ਖੇਡਦਾ ਖੇਡਦਾ ਰੱਜ ਜਾਵੇਂ
ਤੇ ਅੱਕ ਕੇ ਉਨ੍ਹਾਂ ਨੂੰ ਭੰਨ੍ਹ ਦੇਵੇਂ
ਫੇਰ ਕੱਚ ਕਿਸੇ ਦਿਲ ਵਿਚ ਚੁੱਭੇ
ਯਾ ਅੱਖ ਵਿੱਚ
ਤੈਨੂੰ ਕੀ ?
ਤੂੰ ਨਾ ਕਿਸੇ ਨੂੰ ਜਾਇਆ
ਨਾ ਤੈਨੂੰ ਕੋਈ ਜੰਮਣ ਵਾਲਾ
ਤੂੰ ਵੀ ਮਾਵਾਂ ਹੁੰਦਾ ਤੇ ਮੈਂ ਪੁੱਛਦੀ
ਪਰ ਤੂੰ ਤੇ ਕਹਿੰਦਾ ਏਂ
ਤੂੰ ਸੱਤਰ ਮਾਵਾਂ ਵਰਗਾ ਏਂ
ਫੇਰ ਇਨ੍ਹਾਂ ਜ਼ੁਲਮਾਂ ਉਤੇ

ਤੇਰੀ ਅੱਖ ਕਿਉਂ ਨਹੀਂ ਭਿੱਜਦੀ
ਤੂੰ ਵੈਣ ਕਿਉਂ ਨਹੀਂ ਪਾਉਂਦਾ
ਮਾਸੂਮਾਂ ਦੀਆਂ *ਬੇਗੋਰ* ਲਾਸ਼ਾਂ ਨੂੰ — ਬਿਨ੍ਹਾਂ ਕਬਰ
ਦਫ਼ਨਾਉਣ ਲਈ ਕਿਉਂ ਨਹੀਉਂ ਆਂਦਾ
ਵੇ ਰੱਬਾ
ਮੇਰਿਆ *ਬੇਨਿਆਜ਼ਾ* — ਬੇਪ੍ਰਵਾਹ
ਅਰਸ਼ਾਂ ਉਤੋਂ ਲੱਥ ਕੇ ਵੇਖ
ਇਕ ਵਾਰੀ ਮਾਂ ਬਣ ਕੇ ਵੇਖ।

## ਰੱਬ ਨੂੰ ਆਪਣਾ ਮੀਤ ਬਣਾ

ਰੌਲਾ ਪਾ! ਰੌਲਾ ਪਾ ਕੇ ਖ਼ਲਕਤ ਸਾਰੀ ਕੋਲ ਬੁਲਾ
ਖ਼ਲਕਤ ਨੂੰ ਨੈਣਾਂ ਦੇ ਬੂਹੇ ਖੋਲ੍ਹ ਬਿਠਾ!
ਦੁਨੀਆ ਅੰਦਰ ਰੱਜ ਗੱਜ ਕੇ ਹਸ਼ਰ ਉਠਾ!
ਤੇ ਸੁੱਤੇ ਰੱਬ ਨੂੰ ਵਲ ਜਗਾ!
ਤੇ ਸੀਨੇ ਵਾਲੇ ਵੱਟ ਵਿਖਾ!
ਉਹਨੂੰ ਆਪਣਾ ਰੋਗ ਬਤਾ!
ਰੋਗ ਬਣਾ ਕੇ ਰੱਬ ਨੂੰ ਆਪਣਾ ਮੀਤ ਬਣਾ!
ਮੀਤ ਬਣਾ ਤੇ ਕੱਲ੍ਹੀ ਬਹਿ ਕੇ ਰੋਂਦੀ ਜਾਹ!

## ਨੈਣ ਗੰਵਾਏ

ਅਸੀਂ ਜੰਮਦਿਆਂ ਨੈਣ ਗੰਵਾਏ ਰੋਗ ਕਮਾਏ
ਸਾਡਾ ਮੁੱਲ ਲਵਾਉ ਨਾ
ਅਸੀਂ ਰੋ ਰੋ ਹਾਲ *ਵੰਜਾਏ* ਦੁੱਖ ਵਧਾਏ — ਖਰਾਬ ਕੀਤੇ
ਸਾਡੀ ਕਦਰ ਘਟਾਉ ਨਾ
ਅਸੀਂ ਰੁੱਠੜੇ ਯਾਰ ਮਨਾਏ ਭੇਸ ਵਟਾਏ
ਸਾਨੂੰ ਅੱਜ ਪਰਨਾਉ ਨਾ
ਅੰਦਰ ਅੰਦਰ ਉੱਠ ਕੇ ਆਏ ਮੀਂਹ ਵਸਾਏ
ਸਾਨੂੰ ਅੱਗ ਵਿੱਚ ਪਾਉ ਨਾ
ਅਸੀਂ ਸੇਜਾਂ ਫੁੱਲ ਵਿਛਾਏ ਬਾਗ ਲਗਾਏ
ਸਾਨੂੰ ਛੱਡ ਕੇ ਜਾਉ ਨਾ
ਅਸੀਂ ਸੁੱਤੇ *ਵੱਖ਼ਤ* ਜਗਾਏ ਸੀਸ ਨਿਵਾਏ — ਭਾਗ
ਸਾਨੂੰ ਆਣ ਮਨਾਉ ਨਾ।

## ਅਜਲਾਂ ਅੰਦਰ ਹੋਂਦੀ ਆਂ

ਦੁੱਖ ਦੇ ਹਾਰ ਪਰੋਂਦੀ ਆਂ
ਦਿਲ ਵਿੱਚ *ਚੰਬਾ* ਲੌਂਦੀ ਆਂ — ਫੁੱਲ
ਰੰਗ *ਫ਼ਿਰਾਕ* ਦੇ ਸਾਰੇ ਆਪਣੇ — ਵਿਛੋੜਾ
ਇਨ੍ਹਾਂ ਦੇ ਵੱਸ ਪੌਂਦੀ ਆਂ
ਉੱਚੀ ਲੰਮੀ ਰਾਤ ਦੀ ਬੁਰਜੀ
ਉਹਦੇ ਹੇਠ ਖਲੋਂਦੀ ਆਂ
ਦਿਲ ਵਿੱਚ ਭੱਖੜਾ ਹਿਜਰ ਦਾ ਚੁੱਭਿਆ
ਉਸ ਦੀ ਪੀੜ ਪਰੋਂਦੀ ਆਂ
ਅੰਦਰੋਂ ਅੰਦਰੋਂ ਹੱਸਦੀ ਆਂ
ਪਰ ਬਾਹਰੋਂ ਬਾਹਰੋਂ ਰੋਂਦੀ ਆਂ
ਹੰਝੂਆਂ ਦੇ *ਜ਼ਮਜ਼ਮ* ਨਾਲ ਆਪਣੀ — ਹਜਰਤ ਇਸਮਾਈਲ ਦੀ ਵਾਲਦਾ
ਬੀਬੀ ਹਾਜਰਾ ਦਾ ਕੂੰਆਂ
ਰੂਹ ਦੇ ਦਾਗ ਮੈਂ ਧੋਂਦੀ ਆਂ
ਵੇਲੇ ਦੇ ਹੱਥ ਗੱਲ ਨਾ ਮੇਰੀ
ਅਜਲਾਂ ਅੰਦਰ ਹੋਂਦੀ ਆਂ
ਦੁੱਖ ਤੇ ਸੁੱਖ ਦਾ ਭੇਸ ਵਟਾ ਕੇ
ਦਿਲ 'ਤੇ ਹੱਥ ਧਰ ਸੌਂਦੀ ਆਂ!!

## ਅੱਲਾ ਹੂ

ਰੂਹ ਦੇ ਨਿੱਕੇ ਪ੍ਰੇਮ ਦਾ ਧਾਗਾ
ਝੁੱਟ ਨਾ ਮਾਰੀਂ ਉੱਡ ਵੇ ਕਾਗਾ
ਮੈਂ ਦਿਲੜੀ ਨੂੰ ਫੋਲਣ ਬੈਠੀ
ਸੂਲਾਂ ਨੂੰ *ਵੱਤ* ਤੋਲਣ ਬੈਠੀ                ਫਿਰ
ਰੰਗ ਰੰਗੀਲਾ ਛੈਲ ਛਬੀਲਾ
*ਪਰਮ* ਪ੍ਰੀਤ ਦਾ ਇਕ ਕਬੀਲਾ                ਬਹੁਤ
ਵੱਖੋ ਵੱਖ ਨਾ ਕੋਈ ਦਿਸੇ
ਇੱਥੇ ਸਾਰੇ ਨਿਕਮ ਨਿੱਕੇ
ਰੂਹ ਦਾ ਨਿੱਕਾ *ਧੜ ਧੜ* ਬੋਲੇ                ਦਬਾਦਬ
ਦਿਲੜੀ ਪ੍ਰੇਮ ਨੂੰ *ਵਲ ਵਲ* ਤੋੜੇ                ਰੋਕ ਰੋਕ
ਕੋਈ ਬੁਝਾਰਤ ਪਏ ਏ ਇੰਝਦੀ
ਜਿਹੜੀ ਤਨ ਮਨ ਰਜ ਰਜ ਪਿੰਝਦੀ
ਪੇਂਝਾ ਸਾਨੂੰ ਪਿੰਝਦਾ ਜਾਵੇ
ਅੱਲਾ ਹੂ ਭਈ ਅੱਲਾ ਹੂ।

## ਕੀਕਰ

ਰਾਤ ਖ਼ਿਆਲ ਤੋਂ ਵੱਡੀ
ਨਿਬੜੇ ਕੀਕਰ
ਹਿਯਾਤੀ ਸਫ਼ਰ ਤੋਂ ਵੱਡੀ
ਬੀਤੇ ਕੀਕਰ
ਰੁੱਤ ਰੋਵਣ ਤੋਂ ਵੱਡੀ
ਗ਼ੁਜਰੇ ਕੀਕਰ
ਵਸ ਹਿਜਰ ਦੀ ਅੱਟੀ
ਕੱਤੀਏ ਕੀਕਰ
ਤੰਦ ਪ੍ਰੀਤ ਦੀ ਟੁੱਟੀ
ਜੋੜੀਏ ਕੀਕਰ
ਤਾਂਘ ਦਿਲਾਂ ਵਿੱਚ ਜੱਗੀ
ਰੱਖੀਏ ਕੀਕਰ

## ਅੱਖ ਬੁਝਾਰਤ ਬੁੱਝੀ

ਅੱਖ ਦਾ ਦਾਰੂ ਕੋਈ ਨਾ ਲੱਭੇ
ਕੋਈ ਨਾ ਕੰਨ ਧਰੇ
ਅੱਖ ਨਾਲ ਜਦ ਸਾਈਂ ਦੇ ਲੱਗੀ
ਕਦੀ ਨਾ ਸੁੱਤੀ ਕਦੀ ਨਾ ਜੱਗੀ
ਅੱਖ ਜਦ ਹਰਫ਼ ਪ੍ਰੀਤਾਂ ਲਾਏ
ਆਪਣੇ ਗਲ ਨੂੰ ਫਾਹੀ ਪਾਏ
ਅੱਖ ਦਾ ਸਾੜ ਸਾੜਾਂ ਤੋਂ ਵੱਡਾ
ਇਹਦਾ ਨਾ ਕੋਈ ਥੱਲਾ *ਲੱਧਾ* ਲੱਭਾ
ਅੱਖ ਜਦ ਅਸਲ ਹਕੀਕਤ ਪਾਈ
ਉਹ ਬਾਹਰੋਂ ਉੱਠ ਅੰਦਰ ਆਈ
ਉਹਨੂੰ ਆਪਣੇ ਆਪ ਨੂੰ ਸੁੱਝਿਆ
ਲਿਖਿਆ ਹੋਇਆ ਹੱਸ ਕੇ ਬੁੱਝਿਆ!!

## ਤੇਰੇ ਘਰ ਪਰ੍ਹਾਉਣੇ ਆਏ

ਮੇਰੀਆਂ ਕੂਕਾਂ ਸੁਣ ਨੀ ਮਾਏ
ਮਿੱਟੀਆਂ ਵਿਚੋਂ ਬੋਲ ਨੀ ਮਾਏ
ਦੁੱਖ ਸੁੱਖ ਅੰਦਰੋਂ ਫ਼ੋਲ ਨੀ ਮਾਏ

ਤੇਰੇ ਘਰ ਪਰ੍ਹਾਉਣੇ ਆਏ
ਕੌਣ ਉਨ੍ਹਾਂ ਨੂੰ ਸੀਨੇ ਲਾਏ
ਕੌਣ ਉਨ੍ਹਾਂ ਦਾ ਦਿਲ ਪ੍ਰਚਾਏ
ਤੂੰ ਅਰਸ਼ਾਂ ਦੀ ਦਾਸੀ ਬਣ ਗਈ
ਤੇਰੇ ਬਾਝ ਜਮੀਨਾਂ 'ਕੱਲੀਆਂ
ਕੌਣ ਇਨ੍ਹਾਂ ਦਾ ਭਾਗ ਵੰਡਾਏ।

## ਗੁਆਚੀਆਂ ਕੁੰਜੀਆਂ ਵਾਲੇ ਜੰਦਰੇ

ਅਸੀਂ ਬੇਮਿਆਦੀਆਂ ਜੇਲ੍ਹਾਂ ਦੇ ਕੈਦੀ
ਸਾਡੇ ਹੱਥ
ਲੰਮੀਆਂ ਸਜਾਵਾਂ ਦੇ ਵਰਕੇ

ਸਾਡੇ ਹੋਠਾਂ ਉਤੇ
ਗੁਆਚੀਆਂ ਕੁੰਜੀਆਂ ਵਾਲੇ ਜੰਦਰੇ
ਅਜ਼ਲਾਂ ਦੇ ਲੱਗੇ
ਅਸੀਂ ਮਜਬੂਰੀਆਂ ਦੇ ਸੰਗਲ ਪਾ ਕੇ
ਪਿਛੋਂ ਮੁੜ ਮੁੜ ਤੱਕਦੇ ਆਂ
ਗੁਆਹੀਆਂ ਦੇਣ ਵਾਲੇ
ਤੇ ਸੱਚਾਂ ਉੱਤੇ ਮੁੱਕਣ ਵਾਲਿਆਂ ਦੀ ਰਾਹ
ਜਿਹੜੇ ਜਮੀਂ ਤੋਂ ਗੁਆਚ ਗਏ ਨੇ
ਇੱਥੇ ਉਹ ਈ ਪੁਰਾਣੇ ਜੁਰਮ ਨੇ
ਨਵੀਆਂ ਸੂਲਾਂ ਤੇ ਪੁਰਾਣੇ ਮੁਜਰਮ
ਉਹ ਈ
ਪਿਆਰ, ਮਜਹਬ ਤੇ ਸੱਚ ਬੋਲਣ ਦੇ ਮੁਜਰਮ
ਜਿਨ੍ਹਾਂ ਦੇ ਮੱਥੇ ਉਤੇ
ਜੁਲਮਾਂ ਦੀਆਂ ਲਕੀਰਾਂ *ਖੱਟੀਆਂ* ਵੇਖ ਕੇ ਖਿੱਚੀਆਂ
ਰੱਬ ਨੂੰ ਵੀ ਪਿਆਰ ਆ ਜਾਂਦਾ ਏ
ਉਹ ਵੀ ਉਨ੍ਹਾਂ ਦੇ ਦੁੱਖ 'ਤੇ
ਨਿੱਕਾ ਨਿੱਕਾ ਰੋਂਦਾ ਏ
ਪਰ ਬੰਦੇ....?

## ਐਵੇਂ ਇਸ਼ਕ ਇਸ਼ਕ ਨਾ ਕਰ ਬੀਬੀ

ਫਕ ਇਸ਼ਕ ਦੀ ਬਹਿ ਕੇ ਫਕ ਬੀਬੀ
ਅੱਖ *ਨੂਟ* ਕੇ ਦੁਨੀਆ ਤੱਕ ਬੀਬੀ ਮੀਟ ਕੇ

ਇਹ ਇਸ਼ਕ ਤੇ ਕਾਰ ਪੰਗਿਆਂ ਦਾ
ਜਰਾ ਹਿਜਰ ਦੀ ਅੱਗ ਵਿੱਚ ਸੜ ਬੀਬੀ
ਇੰਝ ਬਾਜੀਆਂ ਖੇਡਦੀ ਹਾਰ ਜਾਸੇ
ਜਰਾ ਹੱਥ ਕਲੇਜੜੇ ਧਰ ਬੀਬੀ
ਅਨਹੋਣੀਆਂ ਦੀ ਇਹ ਖੇਡ ਹੋਵੇ
ਅਣਹੋਣੀਆਂ ਤੋਂ ਨਾ ਡਰ ਬੀਬੀ
ਜਿਹੜੇ ਉਚੜੇ ਮਹਿਲ ਮਨਾਰੇ ਹੋਣ
ਉਨ੍ਹਾਂ ਵਿਚ ਨਾ ਤੇਰਾ ਘਰ ਬੀਬੀ
ਪਾ ਕੇ ਝੁਗੜੀ ਹਉਕਿਆਂ ਹੰਝੂਆਂ ਦੀ
ਵਿਚ ਬਹਿ ਕੇ ਕਰ ਗਰ ਗਰ ਬੀਬੀ
ਜਿਹੜੀ ਇਸ਼ਕ ਦੀ ਜਬਰ ਜੇਰ ਹੁੰਦੀ

ਉਨ ਪੜ੍ਹ ਲੈ ਤੂੰ ਫ਼ਰ ਫ਼ਰ ਬੀਬੀ
*ਮਕਤਬ* ਇਸ਼ਕ ਦੇ *ਅਲਫ਼* ਦਾ ਰੌਲਾ ਪਿਆ ਸਕੂਲ,
ਅੱਲ੍ਹਾ
ਬਾਂਝ ਅਲਫ਼ ਨਾ ਕੁਝ ਵੀ ਕਰ ਬੀਬੀ
ਅਲਫ਼ ਦੇਸ ਆਖਾਂ ਪਰਦੇਸ ਆਖਾਂ
ਅਲਫ, ਆਬ ਤੇ ਅਲਫ਼ ਈ *ਜਰ* ਬੀਬੀ ਦੌਲਤ/
ਸੋਨਾ ਅਲਫ਼ ਸਾਂਝ ਕਲੇਜੜੇ ਜਾਨ ਅੰਦਰ
ਕੋਈ ਵੱਡੀ ਨਾ ਏਸ ਤੋਂ ਜਰ ਬੀਬੀ
ਪਾ ਕੇ ਅਲਫ਼ ਨੂੰ ਚੋਲੜੀ ਵਾਂਗ ਬੀਬੀ
ਬੇੜੀ ਅਲਫ਼ ਦੀ ਬਹਿ ਕੇ ਡਰ ਬੀਬੀ
ਤੈਨੂੰ ਇਸ਼ਕ ਦੀ ਜਾਤ ਨਾ ਮਾਲਮ ਏ
ਐਵੇਂ ਇਸ਼ਕ ਇਸ਼ਕ ਨਾ ਕਰ ਬੀਬੀ

## ਇਕ ਨਿੱਕੀ ਜਿਹੀ ਬੁਝਾਰਤ

ਦਿਲ ਵਿੱਚ ਡੁੱਬਿਆ, ਡੁੱਬ ਕੇ ਤਰਿਆ
ਤਰ ਕੇ ਰੋਇਆ, ਰੋ ਕੇ ਹੱਸਿਆ
ਹੱਸ ਕੇ ਮੁੜਿਆ, ਮੁੜ ਕੇ ਟੁਰਿਆ
ਤੁਰਦੇ ਆਇਆ, ਆਇਆ ਤੇ ਡਾਢਾ ਪਛਤਾਇਆ
ਪਛਤਾਇਆ, ਤੇ ਉਹਨੇ ਆਪਣਾ ਆਪ ਲੁਕਾਇਆ
ਲੁਕ ਕੇ ਦਿਸਿਆ, ਦਿਸ ਕੇ ਲੁਕਿਆ
ਲੁਕਿਆ ਪੁਕਿਆ, ਕਿਸੇ ਨਾ ਬੁੱਝਿਆ
ਬੁੱਝਿਆ ਸੁੱਝਿਆ, ਆਪੇ ਰੁਝਿਆ

## ਵੱਡੀ ਨਾ ਹੋਵੀਂ

ਧੀ ਰਾਣੀ
ਨਾ ਵੱਡੀ ਹੋਵੀਂ

ਤੈਨੂੰ ਮੈਂ
ਤੇਰੀਆਂ ਗੁੱਡੀਆਂ ਨਾਲ ਸਜਾ ਕੇ
ਉੱਚੀ ਥਾਵੇਂ ਜੋੜ ਦਿਆਂਗੀ
(ਜਿੱਥੇ ਕਿਸੇ ਵੀ ਰੁੱਤ ਤੇ ਮੌਸਮ ਦਾ

ਉੱਚਾ ਹੱਥ ਨਾ ਅਪੜੇ)
ਤੇਰਾ ਬਚਪਨ
ਜਾਂਦੀਆਂ ਰਾਹਵਾਂ ਤੋਂ ਮੈਂ
ਵਾਪਿਸ ਮੋੜ ਦਿਆਂਗੀ
ਤੇਰੇ ਪਾਸੇ ਆਵਣ ਵਾਲੀ
ਤੱਤੀ ਵਾਅ ਦੀਆਂ ਲੰਮੀਆਂ ਬਾਹਵਾਂ
ਹੱਥ ਆਪਣੇ ਨਾਲ ਤੋੜ ਦਿਆਂਗੀ
ਤੈਨੂੰ ਰਾਣੀਏਂ
ਕਿਸੇ ਵੀ ਗਲ ਦੀ
ਕਦੀ ਵੀ ਨਾ ਮੈਂ
ਥੋੜ ਦਿਆਂਗੀ
ਬਸ ਧੀ ਰਾਣੀ ਤੂੰ

## ਮੇਰਾ ਨਹੀਂ ਜੱਗ ਤੁਮਹਾਰਾ

ਦਿਲ ਤੋਂ ਦਿਲ ਦਾ ਭੇਤ ਲੁਕਾਵੇ
ਉਹਦੀ ਕੋਈ ਸਮਝ ਨਾ ਆਵੇ
ਦਿਲ ਤੋਂ ਦਿਲ ਦਾ ਭੇਤ ਲੁਕਾਵੇ
ਉਹਦੀ ਕੋਈ ਸਮਝ ਨਾ ਆਵੇ
ਜਿਹੜਾ ਉਹਨੂੰ ਲੱਭਣ ਜਾਵੇ
ਉਹ ਫਿਰ ਆਪਣਾ ਆਪ ਗੰਵਾਏ
ਇਹ *ਵਿਰਦ* ਪਰੀਤਾਂ ਵਾਲਾ ਜਾਪ
ਹਰਦਮ ਜਿੰਦੜੀ ਕੂਕ ਬਲਾਵੇ
ਅੱਲਾ ਹੂ ਅੱਲਾ ਹੂ
ਅੱਲਾ ਹੂ ਅੱਲਾ ਹੂ

ਅੱਲਾ ਹੂ ਦੀ ਪਈ ਪੁਕਾਰ
ਅੱਖਾਂ ਨੂੰ ਵੀ ਹੋਈ ਸਾਰ
ਹਰਫਾਂ ਅੰਦਰ ਇਹ ਤਕਰਾਰ
ਸ਼ਿਅਰਾਂ ਅੰਦਰ ਦਰਦ ਹਜਾਰ

ਦਰਦਾਂ ਅੰਦਰ ਅਲਫ ਸ਼ੁਮਾਰ
ਇੰਝ ਈ ਹੋਵੇ ਬੇੜਾ ਪਾਰ
ਅੱਲਾ ਹੂ ਅੱਲਾ ਹੂ

ਅੱਲਾ ਹੂ ਅੱਲਾ ਹੂ

ਅੱਲਾ ਹੂ ਦਾ ਜੱਗ ਨਜਾਰਾ
ਇਹਦਾ ਲੰਮਾ ਦੂਰ ਪਸਾਰਾ
ਭੇਤਾਂ ਅੰਦਰ ਭੇਤ ਖਿਲਾਰਾ
ਮੇਰਾ ਨਾ ਹੀ ਜੱਗ ਤੁਮਹਾਰਾ
ਜੱਗ ਵਾਲਾ ਦਿਲਦਾਰ ਹਮਾਰਾ
ਅੱਲਾ ਹੂ ਅੱਲਾ ਹੂ
ਅੱਲਾ ਹੂ ਅੱਲਾ ਹੂ

## ਲਲਿਹਾਰਿਆ ਵੇ

*ਲਲਿਹਾਰਿਆ* ਵੇ! — ਲਲਾਰੀ
ਮੇਰੀ ਡੋਡਣੀ ਰੰਗੀਂ ਲਾਲ
ਮੈਂ *ਸਾਹਵਰੜੇ* ਘਰ ਜਾਣਾ — ਸਹੁਰੇ
ਮੇਰੇ ਕੰਮ ਦੀ ਰੱਖੀਂ ਭਾਲ
ਲਲਿਹਾਰਿਆ ਵੇ!
ਮੈਂ ਸਾਹਵਰੜੇ ਘਰ ਜਾਣਾ
ਮਾਂ ਪਿਉ ਮੈਥੋਂ *ਬੇਜਾਰ* — ਦੁਖੀ
ਨਾ ਰੱਖਣ ਮੈਨੂੰ ਨਾਲ
ਮੈਂ ਕਿੱਥੇ ਜਾਵਾਂ ਹਾਲ
ਕਿੱਥੇ ਆਈ ਮੇਰੀ ਜਾਲ
ਹੁਣ ਤੂੰ ਨਾ ਜਾਵੀਂ ਟਾਲ
ਮੈਂ ਸਾਹਵਰੜੇ ਘਰ ਜਾਣਾ

ਡੋਡਣੀ ਤੇਰੇ ਕੋਲ
ਉੱਥੇ ਜਾਣਾ ਜਿੱਥੇ *ਢੋਲ* — ਮਾਹੀ
ਹੁਣ ਰਾਤ ਪੈ ਗਿਆ ਡੋਲ
ਕੁਝ ਬੋਲ ਵੇ ਤਾਰਿਆ ਬੋਲ
ਮੈਂ ਸਾਹਵਰੜੇ ਘਰ ਜਾਣਾ।

## ਤਲਾਸ਼

(ਮੁਮਤਾਜ ਮੁਫਤੀ *ਹੁਰਾਂ* ਲਈ) — ਵੱਡੇ ਲਈ ਸਤਿਕਾਰ

ਨਾਲ

ਇਕ ਨਾਲ ਤਾੜੀ ਕੀਕਰ ਵੱਜੇ
ਅਸੀਂ ਹਾਂ *ਰੌਗਨੀ* ਪੁਤਲੇ ਰੇਸ਼ਮੀ/ਲਿਸ਼ਕਦਾ/

ਪਾਲਸ਼ ਕੀਤਾ

ਵੇਲੇ ਦੇ ਵਿੱਚ ਕੈਦ
ਅਸਾਡੇ ਦੁੱਖ ਸੁੱਖ ਤੇ ਜਗਰਾਤੇ
ਤਲਾਸ਼ ਦੇ ਖੌਰੂ
ਰੂਹ ਤੇ ਖੱਟਦੇ
ਬੰਨੇ ਉਤੇ ਬੈਠੇ ਹੱਟ ਦੇ
ਜਿਹੜਾ ਰਾਹ ਕਵੱਲਾ ਲੱਗੇ
ਉਸੇ ਰਾਹ ਦੇ ਪੈਂਡੇ ਭਰਦੇ
ਸਾਡੀ ਨੀਂਦਰ ਮੌਤ ਹਿਯਾਤੀ
ਕਿਸ ਦੇ ਨਾਂ
ਅਸੀਂ ਵਜੂਦ ਦੇ ਐਨ ਪਿਛੋਕੜ ਬਹਿ ਕੇ
ਕੀਹਨੂੰ ਲੱਭਦੇ ਆਂ
ਕਿਸਦੀ ਹੂਕ ਦੇ ਵਿਚ ਕੁਰਲਾਂਦੀ
ਦਿਲ ਦੀ ਕੂੰਝ ਨਿਮਾਣੀ
ਦਿਲ ਦੇ ਬੰਨੇ ਕੀਹਦਾ ਨਾਵਾਂ
ਲੱਬੈਕ "ਹਾਂ" ਕਿੱਥੇ ਜਾ ਕਹੀਏ
ਕਿਸ ਦੇ ਅੱਗੇ ਸੀਸ ਨਿਵਾਈਏ
ਕਿਹੜੀ ਥਾਵੇਂ ਰਹੀਏ
ਹਰਫਾਂ ਦੇ ਛੱਬੇ ਵਿੱਚ
ਪੈਂਡੇ ਦੀਆਂ ਰੰਗ ਬਿਰੰਗੀਆਂ ਪੂਣੀਆਂ
ਸਿਰ ਤੇ ਪੰਡ
ਮੁਹੱਬਤਾਂ ਵਾਲੀ
ਕੌਣ ਇਕੱਲਾ ਜਾਂਦਾ ਦਿਸਦਾ ਏ
ਮੰਜ਼ਿਲ ਉਤੇ ਅਪੱੜਿਆ ਏ
ਤਾਂਘ ਅੱਗੋਂ ਦੀ ਰਖਦਾ ਏ
ਇਹ ਤੇ ਦੱਸੋ
ਮੰਜਿਲ ਉਤੇ ਜਾ ਕੇ
ਕਦੀ ਮੁਸਾਫ਼ਰਾਂ ਮੰਜ਼ਿਲ ਲੱਭੀ ਏ
ਮੰਜਿਲ ਕੀਹਨੂੰ ਕਹਿੰਦੇ ਨੇ
ਰਸਤਾ, ਵੇਲਾ ਤੇ ਮੰਜ਼ਿਲ
ਕਿਹੜੇ ਪੈਂਡੇ ਦਾ ਸਿਰਨਾਵਾਂ ਨੇ

ਕਿਹੜੀਆਂ ਗੱਡੀਆਂ ਟੇਸ਼ਨਾਂ ਉੱਤੇ ਖਲੋਂਦੀਆਂ ਨੇ

ਤੇ ਕਿਹੜੀਆਂ ਚਲਦੀਆਂ ਨੇ
ਪਟੜੀ ਕਿੱਥੋਂ ਤੀਕਰ ਜਾਂਦੀ ਏ
ਅੱਗੇ ਕੀ ਏ
ਵਜੂਦ ਦੇ ਬਾਹਰ
ਜੋ ਲਿਖਿਆ ਏ
ਉਹਨੂੰ ਪੜ੍ਹਨਾ ਕੀਹਨੂੰ ਆਇਆ
ਸਾਡੇ ਜਿਹੇ ਬੇਹਰਫ਼
ਅਲਫ਼ ਲੋੜੀਂਦੇ
ਪੱਤਣੋਂ ਪਾਰ ਜੇ ਠਿੱਲ੍ਹਦੇ ਨੇ
ਤੇ ਹੱਥ ਉਨ੍ਹਾਂ ਦੇ
ਖਾਬਾਂ ਤੇ ਜਗਰਾਤਿਆਂ ਦੇ
ਕੁਝ ਕੱਚ ਅਜਿਹੇ ਹੁੰਦੇ ਹਨ
ਜਿਹੜੇ ਅਗਲੇ ਪੈਂਡੇ
ਪਿੱਛੇ ਮੁੜ ਨਹੀਂ ਤੱਕਣ ਦਿੰਦੇ
ਤੁਸੀਂ ਦੱਸੋ
ਤੁਹਾਡੇ ਖ਼ਾਬ ਤੇ ਜਗਰਾਤੇ

*"ਅਲੀਪੁਰ ਦਾ ਅੱਲੀ"* ਸਨ — ਬਟਾਲੇ ਬਾਰੇ ਨਾਵਲ
"ਅਲਖ ਨਗਰੀ" ਯਾ "ਲੱਬੈਕ"
ਕਿਹੜੇ ਖ਼ਾਬ ਨੂੰ ਵੇਖਣ ਲਈ
ਤੁਸੀਂ ਲਿਖੇ ਇੰਨ੍ਹੇ ਜਗਰਾਤੇ
ਉਹ ਕਿਹੜਾ ਖ਼ਾਬ ਏ
ਜਿਹੜਾ ਨੀਂਦਰ ਦਾ ਮੁਹਤਾਜ ਨਹੀਂ
ਉਹ ਕਿਹੜਾ ਹਰਫ਼ ਏ
ਜਿਹੜਾ ਲਿਖਿਆ ਨਹੀਂ ਜਾ ਸਕਦਾ
ਉਹ ਕਿਹੜੀ ਤਲਾਸ਼ ਏ
ਜਿਹਨੂੰ ਛੱਡਿਆ ਜਾ ਨਹੀਂ ਸਕਦਾ ?

## ਅੱਖ ਦਾ ਕੀ ਕਸੂਰ

ਮੇਰੇ ਦਿਲ ਵਿੱਚ ਦੁੱਖ ਦਾ ਤੂੰਬਾ ਵੱਜਦਾ ਨਾਹੀ

ਸ਼ੀਸ਼ੇ ਅੰਦਰ ਸ਼ਾਮ ਦਾ ਮੁੱਖੜਾ ਸੱਜਦਾ ਨਾਹੀ
ਐਬਾਂ ਨੂੰ ਇਹ ਜੱਗ ਭੈੜਾ ਤੇ ਕੱਜਦਾ ਨਾਹੀ
ਉਨ੍ਹੂੰ ਤੱਕਦਿਆਂ ਚੰਨ *ਸ਼ੋਹਦਾ* ਵੀ ਰੱਜਦਾ ਨਾਹੀ — ਵਿਚਾਰਾ/ਨਫ਼ਰਤ

## ਧਾਗੇ

ਅੰਦਰ *ਧਾਗੇ* ਬਾਹਰ ਨੇ ਧਾਗੇ ਸਬੰਧ
ਥਾਂ ਥਾਂ ਉੱਤੇ ਅੱਡੇ ਧਾਗੇ
ਕੱਚੇ ਧਾਗੇ ਪੱਕੇ ਧਾਗੇ
ਰਲੇ ਮਿਲੇ ਤੇ ਥੱਕੇ ਧਾਗੇ
ਅੰਦਰ ਦੂਰ ਦੁਰਾਡੇ ਧਾਗੇ
ਬਾਹਰ ਵੀ ਥਾਂ ਥਾਂ ਅੱਡੇ ਧਾਗੇ
ਲੂੰ ਲੂੰ ਕੱਚੇ ਪੱਕੇ ਧਾਗੇ
ਨਾੜਾਂ ਵਾਂਗਰ ਥੱਕੇ ਧਾਗੇ
ਤਨ ਮਨ ਦੇ ਵਿੱਚ ਗੁੰਝਲ ਪੈ ਜਾਏ
ਵਾਂਗ ਸ਼ੁਦਾਈਆਂ ਨੱਚੇ ਧਾਗੇ
ਇਸ਼ਕ ਦਵਾਤੀ ਡੋਬਾ ਲਾਇਆ
ਕਲਮਾਂ ਕਾਗਜ ਘੱਤੇ ਧਾਗੇ
ਦਿਲ ਦਰਗਾਵ੍ਹਾਂ ਉਤੇ ਬੰਨ੍ਹੇ
ਕੁਝ ਪੀਲੇ ਕੁਝ ਰੱਤੇ ਧਾਗੇ
ਸਾਡੇ ਚਾਰ ਚੁਫੇਰੇ ਫਿਰਦੇ
ਕੁਝ ਸੰਗਲਾਂ ਤੋਂ ਪੱਕੇ ਧਾਗੇ
ਕੁਝ ਬੂਹੇ ਦੇ ਅੰਦਰ ਰਹਿ ਗਏ
ਕੁਝ ਬਾਹਰ ਜਾ ਘੱਤੇ ਧਾਗੇ
ਰੁੱਤ ਨੇ ਕੰਢ ਵਲਾਈ ਸਾਥੋਂ
ਟੁੱਟੇ ਸਾਰੇ ਪੱਕੇ ਧਾਗੇ

## ਹੁਣ ਨਈਂ ਸਾਉਣਾ

ਸੱਜਣ ਦਿਲ ਦੇ ਹੋਏ ਸੁਖਾਲੇ
ਹੁਣ ਸਾਨੂੰ ਵੀ ਇੱਥੇ ਕੌਣ ਸੰਭਾਲੇ
ਹੁਣ ਸਾਨੂੰ ਰਾਹਵਾਂ ਵੀ ਭੁੱਲੀਆਂ

ਪੈਰਾਂ ਥੱਲਿਉਂ ਮਿੱਟੀਆਂ ਉੱਡੀਆਂ
ਲੰਮਾ ਰਾਹ ਨਮਾਜਾਂ ਭੁੱਲੀਆਂ
ਤੱਤੀਆਂ ਠੰਢੀਆਂ 'ਵਾਵਾਂ ਘੁੱਲੀਆਂ'

ਹੁਣ ਸਾਨੂੰ ਦਿੰਹ ਰਾਤ ਵਿਛੋੜੇ
ਹੁਣ ਸਾਨੂੰ ਕੋਈ ਜੋੜੇ ਤੋੜੇ
ਨਿੱਤ ਨੇ ਰੰਗ ਖੁਦਾਈਆਂ ਵਾਲੇ
ਨਿੱਤ ਨੇ ਰੋਗ ਜੁਦਾਈਆਂ ਵਾਲੇ

ਹੁਣ ਸਾਨੂੰ ਲੱਗੀਆਂ ਦਾ ਰੋਣਾ
ਸੇਜਾਂ ਵਿਛਿਆ ਦਰਦ ਵਿਛਾਉਣਾ
ਅੱਖ਼ ਦਾ ਕਾਗ਼ਜ ਭਿੱਜਦਾ ਜਾਵੇ
ਹਾਏ ਵੇ ਰੱਬਾ ਹੁਣ ਨਈ੍ਹ ਸਾਉਣਾ।

## ਸਾਰੇ ਰੰਗ ਤੇਰੇ

ਰੱਬਾ ਮੇਰੇ ਦਿਲ ਦੇ ਕਾਲੇ ਚੋਰ ਦਾ ਨਾਂ
ਨਾ ਪੁੱਛੀਂ
ਨਾ ਈ ਮੈਨੂੰ ਹੱਦ *ਸ਼ਰਾ* ਤੋਂ ਆਣ ਡਰਾਈਂ — ਧਰਮ
ਜਿਹੜੇ ਵਿਹੜੇ ਚੋਰ ਦਾ ਡੇਰਾ
ਉਸ ਵਿੱਚ ਹੁਣ ਨਾ ਝਾਤੀ ਪਾ
ਜਿੱਥੇ ਉਹਦਾ ਨਾਵਾਂ ਲਿਖਿਆ
ਉਹ ਤੱਖ਼ਤੀ ਨਾ ਆਣ ਮਿਟਾਵੀਂ
ਮੇਰੀ ਬੁੱਕਲ ਵਿੱਚ ਲੁਕੇ ਨੂੰ
ਕਦੀ ਵੀ ਰੱਬਾ ਹੱਥ ਨਾ ਪਾਵੀਂ ।

## ਦਿਲ ਦਿਲਾਂ ਦੇ ਅੰਦਰ

ਇਕ ਦਿਲ ਨੂੰ *ਕਲਬੂਤੋਂ* ਕੱਢਿਆ — ਜਿਸਮ

ਇਕ ਦੇ ਜੰਦਰੇ ਤੋੜੇ
ਇਕ ਨੂੰ ਲੈ ਕੇ ਖੜੀ ਮਸੀਤੇ
ਇਕ ਅੰਦਰ ਦਿਲ ਮੋੜੇ
ਇਕ ਦਿਲ ਨੂੰ ਮੈਂ ਅੱਖ ਨਾਲ ਲਾਇਆ
ਇਕ ਬੁੱਕਲ ਵਿੱਚ ਪਾਇਆ
ਇਕ ਦੇ ਅੱਗੇ ਸੀਸ ਨਿਵਾਇਆ
ਇਕ ਨੂੰ ਟਿੱਕਾ ਲਾਇਆ
ਇਕ ਦਿਲ ਮੈਨੂੰ ਲੈ ਕੇ ਟੁਰਿਆ

ਇਕ ਬੈਠਾ ਪਛਤਾਵੇ
ਇਕ ਚਾਰ ਲਿਆ 'ਡਾਰ ਦੇ ਅੰਦਰ
ਇਕ ਪਿੱਛੋਂ ਕੁਰਲਾਵੇ
ਇਕ ਦਿਲ ਮੇਰਾ ਯਾਰ ਅਖਵਾਵੇ
ਇਕ ਦੁਸ਼ਮਣ ਬਣਆਇਆ
ਇਕ ਨੇ ਮੇਰਾ *ਭੋਸ਼ਨ* ਲਾਹਿਆ ਕਪੜਾ
ਇਕ ਕੁਹਾਰ ਲਿਆਇਆ
ਇਕ ਦਿਲ ਮੇਰਾ ਪੇਕਾ ਬਣਿਆ
ਇਕ ਸੁਹਰਾ ਸਦਵਾਵੇ
ਇਕ ਦਿਲ ਮੇਰਾ ਅੱਥਰੂ ਹੋਵੇ
ਇਕ ਹਾਸਾ ਅਖਵਾਵੇ
ਇਕ ਦਿਲ ਅੰਦਰ ਮੈਂ ਜਾ ਸੁੱਤੀ
ਇਕ ਮੇਰੇ ਵਿੱਚ ਸੁੱਤਾ
ਇਕ ਦਿਲ ਦੀ ਮੈਂ ਬਾਜੀ ਖੇਡੀ
ਇਕ ਦਿਲ ਆਪੇ ਪੁੱਗਾ
ਇਕ ਦਿਲ ਦੀ ਜ਼ਮੀਂ ਬਣਾਈ
ਇਕ ਅਸਮਾਨ ਬਣਾਇਆ
ਇਕ ਦਿਲ ਮੇਰਾ ਵਾਂਗ ਪਟੋਲੇ
ਇਕ ਨੇ ਬਾਬਲ ਗਾਇਆ
ਇਕ ਦਿਲ ਦੀ ਮੈਂ ਆਪਣੀ ਹੋਈ
ਇਕ ਦੀ ਸਦਾ ਪਰਾਈ
ਇਕ ਨੇ ਜੀਉਣ ਦਾ ਦਾਰੂ ਪੀਤਾ
ਇਕ ਨੇ ਜ਼ਹਿਰ ਪਿਲਾਈ
ਇਕ ਦਿਲ ਮੇਰਾ *ਮਹਿਰਮ ਥੀਵੇ* ਭੇਤੀ, ਹੋਵੇ
ਇਕ ਤੇ ਮੂਲ ਬਿਗਾਨਾ
ਇਕ ਦਿਲ ਰੋਜੇ ਤੇ ਹੱਜ *ਜ਼ੁਕਾਤਾਂ* ਸਾਲ ਪਿਛੋਂ ਚਾਲੀਵਾਂ
ਹਿੱਸਾ,ਇਕ ਏ *ਨਫ਼ਲ ਦੁਗਾਨਾ* ਨਮਾਜ,
ਨਮਾਜ ਦਾ ਹਿੱਸਾ ਇਕ ਦਿਲ ਨੂੰ ਅੰਦਰ ਆਖਾਂ
ਇਕ ਨੂੰ ਬਾਹਰ ਮਨਾਂ
ਇਕ *ਅਜ਼ਲਾਂ* ਦਾ ਰਾਹੀ ਹੋਵੇ ਆਦਿ
ਇਕ *ਅਬਦਾਂ* ਦਾ ਬਨਾ ਅੰਤ
ਇਕ ਦਿਲ ਮੇਰਾ ਦੀਨ ਧਰਮ ਏ
ਇਕ ਏ ਦੁਨੀਆ ਦਾਰੀ
ਇਕ ਦੀ ਕੁੰਜੀ ਸ਼ਹੁ ਦਰਿਆਵਾਂ
ਇਕ ਨਾ ਜਾਪੇ ਤਾਰੀ
ਇਕ ਦਿਲ ਪਾਟਾ ਗਲਮਾਂ ਮੇਰਾ

ਇਕ ਦੀ ਚੋਲੀ ਪਾਈ
ਇਕ ਨੇ ਆ ਕੇ ਡੰਗਿਆ ਮੈਨੂੰ
ਇਕ ਨੇ ਦਿੱਤੀ ਵਧਾਈ
ਇਕ ਦਿਲ *ਕੁਫ਼ਰ ਕਲਾਮਾਂ* ਆਖੇ — ਨਾਸਤਕ, ਸ਼ਾਇਰੀ
ਇਕ *ਮੋਮਣ* ਅਖਵਾਏ — ਆਸਤਕ
ਇਕ ਦੇ ਹੱਥ ਤਕਦੀਰ ਦਾ ਵਰਕਾ
ਇਕ ਜੋਗੀ ਬਣ ਆਵੇ
ਇਕ ਦਿਲ ਨੂੰ ਮੈਂ ਢੂੰਡਣ ਚੱਲੀ
ਇਕ ਮੈਨੂੰ ਪੱਟਿਆ ਲੱਭੇ
ਇਕ ਨੇ ਮੈਨੂੰ ਰਾਹੂ ਕੀਤਾ
ਇਕ ਪੱਲਾ ਫੜ ਤੱਕੇ
ਇਕ ਦਿਲ ਮੇਰਾ ਜਾਹਿਰ ਰੋਵੇ
ਇਕ *ਬਾਤਨ* ਅਖਵਾਵੇ — ਅੰਦਰ
ਇਕ ਦਿਲ ਮੇਰੀ *ਦੋਜ਼ਖ਼* ਹੋਵੇ — ਨਰਕ

ਇਕ *ਜੱਨਤ* ਬਣ ਜਾਵੇ — ਸਵਰਗ
ਇਕ ਦਿਲ ਨੂੰ ਮੈਂ ਅੰਦਰ ਤੱਕਿਆ
ਇਕ ਨੂੰ ਬਾਹਰ ਕੱਢਿਆ
ਇਕ ਦਿਲ ਦਾ ਮੈਂ ਜੰਦਰਾ ਲਾਇਆ
ਇਕ ਦਾ ਹੱਥੀਂ ਵੱਢਿਆ
ਇਕ ਦਿਲ ਮੇਰਾ ਮਾਤਮ ਕੀਤਾ
ਇਕ ਨੇ ਸ਼ਗਨ ਮਨਾਏ
ਇਕ ਨੇ ਖਾਰੇ ਚਾੜਿਆ ਮੈਨੂੰ
ਇਕ ਘੁੰਡ ਨੂੰ ਅੱਗ ਲਾਏ
ਇਕ ਨੇ ਮੇਰੇ ਟੋਟੇ ਕੀਤੇ
ਇਕ ਦਰਿਆ ਵਿਚ ਪਾਵੇ
ਇਕ ਨੇ ਪਿਛੋਂ ਕਬਰ ਬਣਾਈ
ਇਕ ਮਜਦੂਰ ਸਦਾਵੇ
ਇਕ ਦਿਲ ਮੇਰਾ ਵਾਂਗ ਮਸੀਤਾਂ
ਇਕ ਪੂਜਾ ਦੀ ਥਾਲੀ
ਇਕ ਦਿਲ ਮੇਰਾ ਮਰੀਅਮ
ਇਕ ਨੇ ਸੂਲੀ ਜਾਲੀ
ਇਕ ਅਜ਼ਲਾਂ ਦੇ ਕੰਢੇ ਬੈਠਾ
ਮੈਨੂੰ ਰੋੜ੍ਹ ਕੇ ਹੱਸਦਾ
ਇਕ ਅਬਦਾਂ ਦੇ ਬੰਨੇ ਉਤੇ
ਵੇਲੇ ਦੇ *ਸ਼ਹੁ* ਡੱਕਦਾ — ਦਰਿਆ

## ਚੰਗੀ ਧੀ

ਅੱਖਾਂ ਲਾਹ ਬੁੱਕਲ਼ ਵਿਚ ਪਾਏ
ਬੁੱਲ੍ਹਾਂ ਉਤੇ ਜੰਦਰੇ ਲਾਏ
ਸੋਚਾਂ ਨੂੰ ਕੜਿਆਲੇ ਪਾਏ
ਖ਼ਾਬਾਂ ਨੂੰ ਹੱਥੀਂ ਦਫ਼ਨਾਏ

## ਦਿਲ ਦੇ ਅੰਦਰ ਕੱਲ੍ਹਿਆਂ ਬਹਿ ਕੇ ਆਪ ਮਨਾਇਆ ਰੱਬ

ਮੇਰਾ ਦੁੱਖ ਅਰਸ਼ਾਂ ਤੋਂ ਉੱਚਾ
ਝਾਤੀ ਪਾਏ ਕੌਣ
ਚੰਨ ਬੱਦਲਾਂ ਦੇ ਅੰਦਰ ਲੁਕਿਆ
ਢੂੰਡਣ ਜਾਏ ਕੌਣ
ਮੇਰਾ ਦੁੱਖ ਧਰਤੀ ਦਾ ਸਿਹਰਾ
ਸਿਹਰੇ ਬਲਿਆ ਗੈਸ
ਰਾਂਝਾ ਜੋਗੀ ਬਣ ਕੇ ਆਇਆ
ਪ੍ਰੀਤ ਵਟਾਇਆ ਭੇਸ
ਮੇਰੇ ਦੁੱਖ ਦਾ ਨਾਂ ਰੁਸ਼ਨਾਈ
ਨੀਲੋ ਨੀਲ ਕਰੇ
ਹਿਜਰ ਦੇ ਟਾਂਡੇ ਮਾਰ ਕੇ ਮੈਨੂੰ
ਆਪ ਵਕੀਲ ਕਰੇ
ਮੇਰਾ ਦੁੱਖ ਦਰਿਆਵਾਂ ਦਾ ਕੰਢਾ
ਪੱਤਣ ਮਲਾਹੋਂ ਖਾਲੀ
ਦੁਨੀਆ ਨਵੀਂ ਨਰੋਈ ਨਾਹੀ
ਇਹ ਤਾਂ ਵੇਖੀ ਭਾਲੀ
ਮੇਰੇ ਦੁੱਖ ਦਾ ਨਾਂ ਏ ਯੂਸਫ਼
ਮੇਰਾ ਦੁੱਖ ਈਸਾ ਏ
ਮੇਰਾ ਦੁੱਖ ਏ ਇਬਰਾਹੀਮੀ
ਮੇਰਾ ਦੁੱਖ *ਮੂਸਾ* ਇਕ ਯਹੂਦੀ ਪੈਗੰਬਰ
ਮੇਰੇ ਦੁੱਖ ਦਾ ਰੇਸ਼ਮ ਤਿਲਕੇ
ਇਹਦਾ ਚੋਲਾ ਪਾਵਾਂ
ਆਪੇ ਆਪਣੇ ਲਹੂ ਨੂੰ ਪੀਵਾਂ
ਆਪੇ ਮਾਸ ਨੂੰ ਖਾਵਾਂ।

## ਸਤਮਗਜ਼ੀ

ਅੱਖ ਦੀ ਤ੍ਰੇਹ
ਮੁੱਕੇ ਕੀਕਨ
*ਨੈਂ* ਇਸ਼ਕ ਦੀ — ਨਦੀ

ਸੁੱਕੇ ਕੀਕਨ
ਜਿੰਦਗੀ ਰੱਜ ਕੇ
ਧੁੱਖੇ ਕੀਕਨ
ਰੋਗ ਜਿਗਰ ਵਿੱਚ
ਠੁੱਕੇ ਕੀਕਨ
ਭੱਜਦਾ ਵੇਲਾ
ਰੁੱਕੇ ਕੀਕਨ
ਦਿਲ ਆਪਣੇ ਵਲ
ਤੱਕੇ ਕੀਕਨ
ਰੱਬ ਤੋਂ ਬੰਦਾ
ਝੁੱਕੇ ਕੀਕਨ

## ਰਾਤ, ਹਨ੍ਹੇਰਾ ਤੇ ਹਕੀਕਤ

*ਡੀਵੇ* ਦੀ ਲੋਅ — ਦੀਵੇ
ਤੇ ਮਸੀਤੀਂ ਮੂਧੇ ਪਏ
ਮਿੱਟੀ ਦੇ ਕੂੱਜੇ ਦੀ *ਰੌਂ* — ਰੋੜ੍ਹ
ਕੌਣ ਜਾਣੇ ?
*ਚਾਕ* ਉਤੇ ਮਿੱਟੀ ਗੁੰਨ੍ਹ ਕੇ — ਚੱਕ
ਕੂੱਜਾ ਘੜਨ ਵਾਲਾ ਘਮਿਆਰ
ਯਾ ਉਹ ਮਿੱਟੀ
ਜਿਹਦੇ ਢਿੱਡ 'ਚੋਂ ਕੂੱਜਾ ਨਿਕਲਦਾ ਏ
ਯਾ ਅਨ੍ਹੇਰਾ
ਜਿਹਦੀ 'ਵਾਜ ਕੋਈ ਨਝ੍ਹੀ ਸੁਣਦਾ
ਯਾ ਉਹ ਅੱਖਾਂ
ਜਿਹੜੀਆਂ ਬੂਹੇ ਨਾਲ ਟੰਗੀਆਂ

ਦੁਰਾਡਿਆਂ ਸੱਜਣਾਂ ਦਾ ਰਾਹ
ਤੱਕਦੀਆਂ ਨਹੀਂ ਥੱਕਦੀਆਂ
ਡੀਵੇ ਦੀ ਲੋਅ ਨੂੰ
ਉਹ ਡਾਟ ਵੀ ਕੁਝ ਕੁਝ ਜਾਣਦੀ ਏ
ਜਿਹਨੂੰ ਅੱਖਾਂ ਮੀਟ ਕੇ
ਚਾਨਣ ਡੱਕਣ ਦੀ ਆਦਤ ਪੈ ਗਈ ਹੁੰਦੀ ਏ
ਜਿਹਦੇ ਸੁਰਮੇ ਵਰਗੇ ਵਜੂਦ ਨੂੰ
ਕੋਈ ਨਹੀਂ ਤੱਕਦਾ

ਤੇ ਉਹ ਪਰਵਾਨਾ
ਜਿਹਨੇ *ਤੁਆਫ਼* ਦੀ ਵਡਿਆਈ ਤੇ ਸੁੱਖ
ਜਾਣ ਲਿਆ ਹੁੰਦਾ ਏ
ਜਿਹਦੇ ਲਈ ਫੇਰਾ ਈ
ਰੱਬ ਦਾ ਡੇਰਾ ਹੁੰਦਾ ਏ
ਜਿਹੜਾ ਸੜਨ ਨੂੰ
ਹਿਯਾਤੀ ਦਾ ਸੁਭਾਅ ਸਮਝਦਾ ਏ
ਉਹ ਹਿਯਾਤੀ
ਜਿਹੜੀ ਤੁਹਾਫ਼ ਦੀ ਲੱਜਤ ਨਾਲ
ਮਾਲਾਮਾਲ ਏ
ਤੇ ਡੀਵੇ ਦੀ ਲੋਅ ਨੂੰ
ਸਰਘੀ ਦਾ ਤਾਰਾ ਵੀ
ਵੱਲ ਜਾਣਦਾ ਏ
ਉਹਨੂੰ ਉਸ ਨੂਰ ਦੀ
ਤੰਦ ਨਾਲ ਪਿਆਰ ਏ
ਜਿਹੜੀ ਰਾਤ ਦੇ ਪਿਛਲੇ ਪਹਿਰ
ਟੁੱਟਦੀ ਏ
ਤੇ ਜਿਸ ਵਿਚ
ਰਾਤ ਦੇ ਅਨ੍ਹੇਰੇ ਦੀ
ਹਕੀਕਤ ਲੁਕੀ ਹੋਈ ਏ।



## ਤਨਵਰਤੀ

ਇਹ ਤਨਵਰਤੀ ਨਾ ਪੁੱਛ ਅੜੀਏ
ਕਿਸੇ ਨਾ ਲੈਣੀ ਬੁੱਝ ਅੜੀਏ

ਕੋਈ ਨਾ *ਮਹਿਰਮ* ਹਾਲ ਦਾ ਮਿਲਦਾ ਭੇਤੀ/ਹਮਦਰਦ
ਆਪੇ ਆਪਣੀ ਸੁੱਝ ਅੜੀਏ
ਖੇਲ ਤਮਾਸ਼ੇ ਸਾਰੇ ਤੇਰੇ
ਆਪਣੇ ਆਪ ਵਿਚ ਰੁਝ ਅੜੀਏ
ਬਹੁਤੀ ਦੁਨੀਆ ਦੁਨੀਆ ਨਾ ਕਰ
ਇਹ ਨਿੱਕੀ ਜਿਹੀ ਕੁਝ ਅੜੀਏ
ਹਰਫ਼ ਕਿਤਾਬਾਂ ਇਲਮ *ਨਿਸਾਦਾਂ* ਪਾਠ ਪੁਸਤਕਾਂ
ਐਵੇਂ ਨਾ ਪਾ *ਝੁੱਜ* ਅੜੀਏ। ਝਗੜਾ

## ਮਿੱਟੀ ਦਾ ਖਿਡਾਉਣਾ

ਵੇ ਮਾਲਕ
ਤੂੰ ਇਕ ਖ਼ਾਕ ਦਾ ਬੁੱਤ ਬਣਾਇਆ
*ਫ਼ਜਲ* ਦੇ ਚਾਕ ਤੇ ਜਾ ਚੜ੍ਹਾਇਆ ਕ੍ਰਿਪਾ
ਬਹਿ ਕੇ ਚਾਕ ਦੇ ਆਸੇ ਪਾਸੇ
ਨੱਕ ਨਮੂਨਾ ਚਾ ਬਣਾਇਆ
ਮਿੱਟੀ ਨੂੰ ਇਨਸਾਨ ਬਣਾਇਆ
ਵਿਚ ਇਕ ਦਿਲ ਦਾ ਪੁਰਜਾ ਲਾਇਆ
ਉਹਦੇ ਵਿਚ ਜਹਾਨ ਵਸਾਇਆ
ਉਹਦੀਆਂ ਮਰਜੀਆਂ ਹੱਥ ਵਿਚ ਕਰਕੇ
ਉਹਨੂੰ ਰੱਜ ਰੱਜ ਖੇਡ ਖਿਡਾਇਆ
ਕਦੀ ਰਵਾਇਆ ਕਦੀ ਹਸਾਇਆ
ਕਦੀ ਵਿਛੋੜਾ ਕਦੀ ਮਿਲਾਇਆ
ਉਹਨੂੰ ਆਪਣਾ ਆਪ ਵਿਖਾਇਆ।

## ਜਾਹ ਵੇ ਜਹਿਰੀਆ

ਜਾਹ ਵੇ ਜਹਿਰੀਆ ਡਾਢਾ ਡੰਗਿਆ ਈ
ਮੈਨੂੰ ਪੀੜਾਂ ਦੀ ਸੂਲੀ ‘ਤੇ ਟੰਗਿਆ ਈ
ਮੇਰੇ ਹੇਠ ਵਿਛਾ ਕੇ ਸੂਲ
ਸੂਲਾਂ ਵਿੱਚ ਰੰਗਿਆ ਈ

ਜਾਹ ਵੇ ਜਹਿਰੀਆ

ਡਾਢਾ ਡੰਗਿਆ ਈ
ਮੈਨੂੰ ਵਿਚ ਬਜਾਰ ਬਿਠਾ ਕੇ
ਮੇਰੀ ਬੋਲੀ ਵੱਲ ਲਵਾ ਕੇ
ਤੇ ਰੱਜ ਵਪਾਰ ਕਮਾ ਕੇ
ਮੈਨੂੰ ਮੂਲ ਖਦੇੜ ਕੇ ਮੰਗਿਆ ਈ
ਜਾਹ ਵੇ ਜਹਿਰੀਆ, ਡਾਢਾ ਡੰਗਿਆ ਈ
ਮੇਰੇ ਨਾਂ ਦੀ ਪੁੱਛ ਪੜਚੋਲ ਕਿਵੇਂ
ਮੇਰੇ ਸਾਵ੍ਹਾਂ ਦੀ ਤੋਲ ਕਿਵੇਂ
ਮੇਰੇ ਅੰਦਰ ਬੈਠਾ ਢੋਲ ਕਿਵੇਂ
ਜਿਹਨੇ ਤੇਰਾ ਤਨ ਮਨ ਸੰਗਿਆ ਈ
ਜਾਹ ਵੇ ਜਹਿਰੀਆਂ, ਡਾਢਾ ਡੰਗਿਆ ਈ!!

## ਮੇਰੇ ਅੰਦਰੋਂ ਬੋਲ ਵੇ ਮਰਜਾ

ਮੰਜੀ ਉੱਤੇ ਪਿੰਜਰ
ਪਿੰਜਰ ਵਿਚ ਨਾ ਜਾਨ
ਮੇਰੇ ਅੰਦਰ ਬੋਲ ਵੇ *ਮਰਜਾ* — ਬਿਮਾਰੀ
ਕਿੱਥੇ ਗਿਆ *ਲੁਕਮਾਨ* — ਹਕੀਮ ਦਾ ਨਾਂ

## ਰਾਤ ਦਾ ਭੁਲੇਖਾ

ਤੇਰਿਆਂ ਹੱਥਾਂ ਦੀਆਂ ਸਾਰੀਆਂ ਲੀਕਾਂ
ਮੇਰੇ ਤੋਂ ਨਾਵਾਕਿਫ਼ ਸਨ
ਤੇ ਉਨ੍ਹਾਂ ਦੀਆਂ ਰਗਾਂ ਵਿਚ ਵੀ
ਮੇਰੀ ਪਛਾਣ ਦਾ
ਕੋਈ ਚੰਨ ਨਾ ਚੜ੍ਹਿਆ
ਤੂੰ ਤੇ ਕਹਿੰਦਾ ਸੈਂ
ਤੇਰੇ ਹੱਥ
ਮੇਰੇ ਖ਼ਾਬ ਈ ਤੱਕਦੇ ਨੇ
ਇਨ੍ਹਾਂ ਵਿਚ
ਮੇਰੀ ਨੀਂਦਰ ਜਗਦੀ ਏ।

## ਮੈਂ ਵੇਲੇ ਤੋਂ ਹਾਰ ਗਈ

ਹੁਣ ਕੀ ਬੋਲਾਂ
ਕੁਝ ਬੋਲਣ ਜੋਗਾ ਰਿਹਾ ਈ ਨਾ
ਹੁਣ ਕੀ ਰੋਵਾਂ
ਸੁੱਕੀ ਅੱਖ ਤਰੇੜਾਂ ਮਾਰ ਗਈ
ਹੁਣ ਕੀ ਬੋਲਾਂ
ਸਾਰੇ ਹਰਫ਼ ਤੁਹਾਡੜੇ ਦਿਸਦੇ ਨੇ
ਨੁਕਤੇ, *ਸ਼ੱਦਾਂ,* ਜੇਰਾਂ, ਜਬਰਾਂ ਅੱਧਕ
ਲਫ਼ਜ, ਲਕੀਰਾਂ
ਰੱਬਾ ਮੁੱਖੜੇ ਕਿਸ ਦੇ ਨੇ
ਜਿਹੜਾ ਇਲਮ ਤੇਰੇ ਤੱਕ ਲੈ ਜਾਵੇ
ਉਸ ਇਲਮ ਦੇ ਵਰਕੇ ਭਿੱਜਦੇ ਨੇ
ਮੈਂ ਅੱਖਾਂ ਮੀਟ ਕੇ ਬੈਠੀ ਰਹੀ
"ਕੁੰਨ" ਆਖ ਕੇ ਜਿੰਦੜੀ ਪਾਰ ਗਈ ਰੱਬ ਨੇ *ਕੁੰਨ* ਕਿਹਾ ਤੇ ਦੁਨੀਆ
ਬਣ ਗਈ ਮੈਂ ਵੇਲੇ ਤੋਂ ਹਾਰ ਗਈ!!

## ਦੁੱਖ ਦਾ ਮੱਚ

ਰੱਬਾ ਕਾਲੀਆਂ ਚੁਆਤੀਆਂ ਦੀ *ਫੂਹਾ ਫੂਹਾ* ਅੱਗ ਥੋੜੀ ਥੋੜੀ
ਦਿਲਾਂ ਦੇ *ਭੋ* ਵਿਚ ਸੁੱਟ ਛੋਲਿਆ ਦਾ
ਭੋ
ਤਾਂ ਜੇ ਉਹ ਵੀ ਸੜਣਾ ਸਿੱਖਣ
ਦੁੱਖ ਦੇ *ਮੱਚ* ਵਿਚ ਵੜਨਾ ਸਿੱਖਣ। ਸੇਕ/
ਵਧੀਕੀ

## ਦੁੱਖ ਤੈਨੂੰ ਕਿਵੇਂ ਮਨਾਵਾਂ

ਦੁੱਖ ਤੈਨੂੰ ਕਿਵੇਂ ਮਨਾਵਾਂ

ਪਾਣੀ ਅਤੇ ਬੁਲਬੁਲਾ
ਤੇ ਬੇੜੀ *ਵਿਨ* ਮਲਾਹ ਬਿਨ
*ਕੱਪਰ* ਖੁੱਭੇ ਮੁਸਾਫ਼ਰ ਤੂਫ਼ਾਨ
ਤੇ ਉਨ੍ਹਾਂ ਦੀਆਂ ਅੱਖਾਂ ਵਿਚ ਵਿਛੀ ਜੁਦਾਈ

ਮੌਤ ਤੇ ਅਨ੍ਹੇਰਾ
ਅਸਮਾਨਾਂ ਉਤੇ ਚੜ ਕੇ ਰੋਂਦਾ ਚੰਨ
ਤੇ ਲਹੂ ਵਾਂਗੂੰ ਢਲਦਾ ਸੂਰਜ
ਝੁਕ ਝੁਕ ਕੇ ਝਾਤੀਆਂ ਪਾਉਂਦਾ ਚਾਨਣ
ਤੇ ਸ਼ਹੁ ਮਨਾਂ ਦਾ ਹਨ੍ਹੇਰਾ
ਕਿਹੜੇ ਦੇਸ਼ ਦੀਆਂ ਕਹਾਣੀਆਂ
ਤੇ ਕਿਹੜੀ ਵਸਤੀ ਦੇ ਕਿਰਦਾਰ ਨੇ

ਦੁੱਖ ਤੈਨੂੰ ਕਿਵੇਂ ਮਨਾਵਾਂ
ਕੋਈ ਚੱਜ ਤੇ ਦੱਸ
ਕੋਈ ਹਾਸਾ ਹੰਝੂ ਯਾ ਚੁੱਪ ਦਾ ਗੰਭੀਰ
ਕੁਝ ਤੇ ਪੱਲੇ ਬੰਨ੍ਹ
ਜਿਹਨੂੰ ਲੈ ਕੇ ਟੁਰਾਂ ਤੇ ਕਦੀ ਨਾ ਰੁਕਾਂ
ਪਿੱਛੋਂ ਆਉਂਦੀਆਂ ‘ਵਾਜਾਂ ਦਾ
ਪੱਲਾ ਫੜ ਕੇ ਰੋਂਦੀਆਂ
ਰੁੱਤਾਂ ਦੀ ਗਲ ਕੋਈ ਨਾ ਪੁੱਛੇ
ਪਿੱਛੇ ਰਹਿ ਜਾਂਦੀਆਂ ਕਹਾਣੀਆਂ
ਸੁੱਕਿਆਂ ਬੁੱਲ੍ਹਾਂ ‘ਤੇ ਦਮ ਤੋੜਦੀਆਂ ਈ ਚੰਗੀਆਂ ਲਗਦੀਆਂ ਨੇ
ਅੱਖਾਂ ਵਿਚ ਵਿਛੇ ਵਿਛੋੜੇ
ਅਨਭਾਲ ਈ ਮਸੂਮ ਲਗਦੇ ਨੇ
ਉੱਝ ਵੀ ਸਾਨੂੰ
ਦੁੱਖ ਮਨਾਉਣ ਦਾ ਚੱਜ ਭੁੱਲਦਾ ਜਾਂਦਾ ਏ
ਅਸੀਂ ਬੇਪਰਦ ਹੁੰਦੇ ਜਾਂਦੇ ਆਂ
ਉਠਣ ਬੈਠਣ ਤੋਂ ਮਜਬੂਰ
ਤੇ ਰੋਣ ਹੱਸਣ ਤੋਂ ਬੇਜਾਰ
ਪਹਾੜ ਦੇ ਠੰਢੇ ਤੇ ਪੀਢ੍ਹੇ ਪੱਥਰ ਵਾਂਗ
ਜਿਹਨੇ ਪੈਦਾਇਸ਼ ਤੇ ਮੌਤ ਤੀਕਰ ਦਾ
ਸਾਰਾ ਵੇਲਾ
ਅੱਖਾਂ ਮੀਟ ਕੇ ਗੁਜਾਰ ਦਿੱਤਾ ਹੋਂਦਾ ਏ

ਦੁੱਖ ਤੈਨੂੰ ਕਿਵੇਂ ਮਨਾਵਾਂ

ਗੋਲੀਆਂ ਦੇ ਵਾਜੇ ਵਜਾ ਕੇ
ਲਹੂ ਤੇ ਸਾਲੂ ਦੀ ਬੁੱਕਲ ਮਾਰ ਕੇ
ਐਬੂਲੈਂਸ ਦੀ ਡੋਲੀ ਚੜ੍ਹ ਕੇ
ਨਾ ਸੜਕਾਂ, ਮੁਹੱਲਿਆਂ ਤੇ ਗਲੀਆਂ ਵਿਚ ਨੱਚਦੀ

ਮੌਤ ਦੀ *ਡੂੰਮਣੀ* ਦੀ ਗੜਵੀ ਬੁਝਾ ਕੇ — ਮਰਾਸਣ
ਜਿਹੜੀ ਇਕੋ ਗਾਣਾ ਗਾਂਦੀ ਏ
ਠਾਹ! ਠਾਹ! ਠਾਹ!
ਜਿਹੜੀ ਲਹੂ ਦੀਆਂ ਵੇਲਾਂ ਨਾਲ
ਝੋਲੀ ਭਰਦੀ ਏ

ਦੁੱਖ ਤੈਨੂੰ ਕਿਵੇਂ ਮਨਾਵਾਂ
ਦਿਲ ਚਾਂਹਦਾ ਏ
ਤੈਨੂੰ *ਸ਼ਾਹ ਇਨਾਇਤ* ਬਣਾ ਲਵਾਂ — ਬੁੱਲ੍ਹੇ ਤੇ ਸ਼ਾਹ ਹੁਸੈਨ ਦਾ
ਗੁਰੂ ਤੇ ਆਪ ਬੁੱਲੇ ਸ਼ਾਹ ਵਾਂਗੂੰ
ਘੁੰਗਰੂ ਬੰਨ੍ਹ ਤੇਰੇ ਸਾਹਮਣੇ
ਰੱਜ ਰੱਜ ਨੱਚਾਂ
ਤੇ ਕਦੀ ਦਿਲ ਚਾਂਹਦਾ ਏ
ਤੈਨੂੰ ਭੁੱਲ ਜਾਵਾਂ
ਤੇਰੀ ਮੁੜਕੇ ਸਾਰ ਨਾ ਲਵਾਂ
ਤੈਨੂੰ ਗੁਆ ਦਿਆਂ
ਕਿੱਡਾ ਚੰਗਾ ਹੋਵੇ
ਜੇ ਤੂੰ ਗੁਆਚ ਜਾਵੇਂ
ਜਮੀਨ ਤੋਂ ਅਸਮਾਨ ਤੋਂ
ਤੇ ਮੇਰੇ ਵਿਹੜੇ ਤੋਂ
ਤੇ ਫਿਰ ਮੈਂ
ਉੱਚੇ ਉੱਚੇ ਵੈਣ ਪਾਵਾਂ
ਤੈਨੂੰ ਰੱਜ ਕੇ ਮਨਾਵਾਂ!!!

## ਆਪਣੇ ਆਪ ਵਿਚ ਮਿਸਫ਼ਿੱਟ ਇਕ ਨਜ਼ਮ

ਸਾਰੇ *ਦਮ ਵਜ਼ੀਫ਼ੇ* ਹਰ ਗਏ — ਟੂਣਾ, ਜਾਪ
ਜੰਮਣ ਤੋਂ ਇਸ ਪਹਿਲੋਂ ਮਰ ਗਏ
ਸਾਨੂੰ ਮੂਲ ਨਾ ਜਿੱਤਣਾ ਆਇਆ

ਬਾਹਰੋਂ ਜਿੱਤ ਅੰਦਰੋਂ ਹਰ ਗਏ
ਸਾਰੀਆਂ ਗਲੀਆਂ ਵਿਚੋਂ ਲੰਘੇ
ਝੁੱਕਦੇ ਝੁੱਕਦੇ ਆਪਣੇ ਘਰ ਗਏ

ਵਸ ਦਾ ਝੋਲਾ ਹਿਜਰ ਤੰਦੂਰੀ
ਵਿਚ ਸੁੱਤੇ ਵਿਚ ਜਾਗੇ ਸੜ ਗਏ
ਆਪਣੇ ਆਪ ਨੂੰ ਕਿੱਥੇ ਰੱਖੀਏ
ਹੁਣ ਆਪੇ ਤੋਂ ਡਾਢੇ *ਭਰ* ਗਏ। ਤੰਗ/ਬੇਵਸ

## ਇਹ ਸਾਰੇ ਰੰਗ ਤੇਰੇ

ਜ਼ਿਮੀਆਂ ਦੇ ਵਿੱਚ ਹਲ ਚਲਾਈਏ
ਹਲ ਚਲਾ ਕੇ ਬੀਂ ਨੂੰ ਪਾਈਏ
ਬੀਂ ਪਾ ਕੇ ਫਿਰ ਪਾਣੀ ਲਾਈਏ
ਇਕ ਮਿੱਟੀ 'ਚ ਇਕ ਪਾਣੀ ਤੋਂ
ਵੰਨ ਸਵੰਨੀਆਂ ਫਸਲਾਂ ਪਾਈਏ।

## ਤੂੰ ਵੀ ਇਸ਼ਕ ਕਰੇਂ

ਤੂੰ ਵੀ ਇਸ਼ਕ ਕਰੇਂ
ਤੇ ਆਸ਼ਕ ਹੋਵੇਂ
ਤੂੰ ਵੀ ਬਹਿ ਇਕੱਲਾ ਰੋਵੇਂ
ਜਿਸ ਰਾਹ ਤੋਂ ਉਹ ਲੰਘਦਾ ਹੋਇਆ
ਉਹਨੂੰ ਮੱਲ ਖਲੋਵੇਂ
ਜਿਸ ਨੀਂਦਰ ਉਹ ਸੌਂਦਾ ਹੋਵੇ
ਉਸ ਦਾ ਸੁਪਨਾ ਹੋਵੇਂ
ਜਿਸ ਅੱਖ ਵਿਚ ਉਹ ਵਸਦਾ ਹੋਵੇ
ਉਸ ਦਾ ਕੱਜਲ ਹੋਵੇਂ
ਜਿਸ ਮਿੱਟੀ ਉਸਦਾ ਪੈਰ ਪਵੇ
ਉਹ ਕੱਖ ਵੀ ਚੁੰਮਦਾ ਹੋਵੇਂ
ਤੂੰ ਵੀ ਇਸ਼ਕ ਕਰੇਂ
ਤੂੰ ਵੀ ਆਸ਼ਕ ਹੋਵੇਂ
ਤੂੰ ਵੀ ਬਹਿ ਇਕੱਲਾ ਰੋਵੇਂ!!

## ਕੁਝ ਸੁੱਤੇ ਰਹਿ ਗਏ

ਕੁਝ ਯਾਰਾਂ ਪ੍ਰੀਤ ਨਿਭਾਈ ਏ
ਕੁਝ ਪਿੱਛੇ ਰਹਿ ਗਏ
ਕਿਸੇ ਜਾਗ ਕੇ ਵਾਰ ਬੁਲਾਈ ਏ
ਕੁਝ ਸੁੱਤੇ ਰਹਿ ਗਏ
ਕਿਸੇ ਹੱਸ ਕੇ ਸਹੁੰ ਨਿਭਾਈ ਏ
ਕੁਝ ਲੁੱਕੇ ਰਹਿ ਗਏ
ਕੁਝ ਯਾਰਾਂ ਆਸ ਵਧਾਈ ਏ
ਕੁਝ ਪਿੱਛੇ ਰਹਿ ਗਏ
ਕਿਸੇ ਤੀਰ ਕਮਾਨ ਉਠਾਈ ਏ
ਕੁਝ ਬਚੇ ਰਹਿ ਗਏ
ਕਿਸੇ ਇਸ਼ਕ ਦੀ ਮੰਜ਼ਲ ਪਾਈ ਏ
ਕੁੱਝ ਭੁੱਲੇ ਰਹਿ ਗਏ
ਕਿਸੇ ਮਰ ਕੇ ਜਿੰਦ ਕਮਾਈ ਏ
ਕੁਝ ਚਿੱਤੇ ਰਹਿ ਗਏ।

## ਪਾਣੀ ਅੱਗੇ ਬੰਧ

ਕੱਲ੍ਹੇ ਨੈਣ ਨੈਣਾਂ ਦੇ ਅੱਗੇ
ਦਰਿਆ ਪੰਜ ਜੁਦਾਈਆਂ ਵਾਲੇ
ਤੂੰ ਗਿਆ ਤੇ ਰਲ ਆਏ
ਖ਼ਲਕਤ ਲੋਕ ਖ਼ੁਦਾਈਆਂ ਵਾਲੇ

## ਮੇਰੇ ਦੇਸ਼ ਤੂੰ ਕੱਲ੍ਹਾ ਤੇ ਨਈ੍ਹ

ਮੇਰੇ ਦੇਸ਼ ਤੂੰ ਕੱਲ੍ਹਾ ਤੇ ਨਈ੍ਹ
ਤੇਰੇ ਨਾਲ ਤੇ ਨੂਰ ਖ਼ੁਦਾ ਦਾ
ਸੱਚਾ ਪਾਕਿ ਰਸੂਲ ਖ਼ੁਦਾ ਦਾ
ਤੇਰੇ ਉਤੇ *ਸਬਜ* ਗੁੰਬਦ ਦੀਆਂ ਠੰਢੀਆਂ ਛਾਵਾਂ    ਹਰਾ
ਤੇਰਾ *ਦਿਲਬਰ* ਸੁਹਣਾ ਮੁੱਖੜਾ    ਮਸ਼ੂਕ
ਤੇਰਾ ਸੁੱਚਾ ਉੱਚਾ ਨਾਵਾਂ

ਤੇਰੀ ਧਰਤੀ
ਸੁੱਚਿਆਂ *ਕਾਮਿਲ* ਵਲੀਆਂ ਵਾਲੀ ਜਾਣੂ/
ਨਿਪੁੰਨ
ਹੀਰਾਂ ਪੁਨੂੰਆਂ ਸਈਆਂ ਵਾਲੀ
ਵਾਰਸ ਮਿਰਜੇ ਬਲ਼ੀਆਂ ਵਾਲੀ ਬਹਾਦਰ
ਤੇਰੀ ਧਰਤੀ ਉਤੇ ਚਮਕਣ
ਚੰਨ ਤਾਰੇ ਅਸਮਾਨਾਂ ਦੇ
ਇੱਥੇ ਰੰਗ ਉਦਾਸੀ ਵਾਲੇ
ਰੂਪ ਖੜੇ *ਇਮਕਾਨਾਂ* ਦੇ ਸੰਭਾਵਨਾ
ਇੱਥੇ ਮਹਿਫ਼ਲ ਸੂਰਜ ਵਾਲੀ
ਇੱਥੇ ਰੰਗ ਜਹਾਨਾਂ ਦੇ
ਤੇਰੀ ਧਰਤੀ ਉਤੇ ਲਿਖੇ
ਪ੍ਰੀਤ ਦੇ ਕਿੱਸੇ
ਸਫ਼ਰ ਦਾ ਲੰਮਾ ਪੈਂਡਾ ਚਾਹਿਆ
ਕੁਝ ਘਰ ਆਏ ਕੁਝ ਰਣ੍ਹੇ ਪਿੱਛੇ
ਅਗਲਿਆਂ ਪਿਛਲਿਆਂ ਲੋਕਾਂ ਵਾਲੀ
ਹਰਦਮ ਵਸਦੀਆਂ *ਝੋਕਾਂ* ਵਾਲੀ ਛੋਟਾ ਪਿੰਡ
ਇਹ ਧਰਤੀ ਅਸਮਾਨ ਜਏ੍ਹੀ ਏ
ਸਾਡੇ ਲਈ ਇਮਾਨ ਜਏ੍ਹੀ ਏ।

## ਕੁੜੀਆਂ ਦੇ ਨਿੱਕੇ ਨਿੱਕੇ ਖ਼ਾਬ

ਇਕ ਖ਼ਾਬ ਤਕੇਂਦਿਆਂ ਉਮਰ ਲੰਘੀ
ਇਕ ਖ਼ਾਬ ਅੱਖਾਂ 'ਚੋਂ ਤਿਲਕ ਗਿਆ
ਇਕ ਖ਼ਾਬ ਨੂੰ ਸਾਂਭਿਆ ਦਿਲ ਅੰਦਰ
ਇਕ ਚੁੰਨੀ ਤੇ ਢਿਲਕ ਗਿਆ।

## ਨਵਾਂ *ਕਾਬੀਲ*

ਹਾਬੀਲ ਤੇ ਕਾਬੀਲ ਆਦਮ ਦੇ ਦੋ
ਪੁੱਤ
ਕਾਬੀਲ ਨੇ ਹਾਬੀਲ ਨੂੰ ਕਤਲ ਕਰ
ਦਿੱਤਾ ਸੀ

ਮੇਰਾ ਨਾਂ ਕੀ ਏ
ਮੈਂ ਜਨੌਰਾਂ ਦੇ ਕਿਹੜੇ ਕਬੀਲੇ ਵਿਚੋਂ ਆਂ
ਮੇਰੇ ਮੂੰਹ ਉਤੇ ਕਿਸ ਦੇ ਲਹੂ ਦੀਆਂ ਝਰੀਟਾਂ ਨੇ

ਉਹ ਕੌਣ ਏ
ਜਿਹਨੂੰ ਮੈਂ ਚੀਰ ਪਾੜ ਕੇ ਖਾਧਾ ਏ
ਤੇ ਜਿਹਦੀਆਂ ਹੱਡੀਆਂ ਕੁੱਤੇ ਪਏ ਧਰੀਕਦੇ ਨੇ
ਉਹ ਕੌਣ ਏ
ਜਿਹੜਾ ਮੇਰੇ ਵਿਚੋਂ ਸੀ
ਮੈਂ ਉਹਦੇ ਵਿਚੋਂ
ਪਰ ਜਿਹਨੂੰ ਮੇਰੇ ਅੰਦਰ ਬਲਦੀ ਅੱਗ ਦੇ ਭਾਂਬੜ ਨੇ
ਪੈਰਾਂ ਤੋਂ ਲੈ ਕੇ ਰੂਹ ਤੀਕਰ ਸਾੜਿਆ ਏ
ਇਹ ਦਿਹਾੜਾ ਤੇ ਵੇਲਾ
ਜਸ਼ਨ ਮਨਾਉਣ ਦਾ ਏ
ਅੱਜ ਫੇਰ ਕਿਸੇ ਨੇ
ਕਿਸੇ ਦੇ ਅੰਦਰ ਬੱਲਦੇ ਭਾਂਬੜ ਨੂੰ
ਆਪਣੇ ਲਹੂ ਦੇ ਤਰੌਂਕੇ ਨਾਲ
ਬੁਝਾਇਆ ਏ।

## ਦੁਨੀਆ

ਅਸੀਂ ਖਿਡਾਉਣੇ ਆਂ
ਆਦਿ ਚੜ੍ਹਦੇ
ਕੱਚੇ ਪੱਕੇ ਟੁੱਟਦੇ ਭੱਜਦੇ
ਵੇ ਘੁਮਿਆਰਾ
ਲੱਦ ਦੇ ਸਾਨੂੰ
ਵੇਚ ਦੇ ਸਾਨੂੰ
ਟੁੱਟ ਜਾਈਏ
ਫੇਰ ਨਵੇਂ ਬਣਾਈਂ
ਆਦਿ ਚਾੜ੍ਹੀਂ
ਕੱਚ ਪਿਲੇ ਸੁੱਟ ਦੇਵੀਂ
ਤੇ ਪੱਕੇ ਪੱਕੇ ਵੇਚਣ ਜਾਵੀਂ।

## ਹਿਜਰ ਦੀ ਰੁੱਤ ਇੰਝ ਲੰਮੀ ਕੀਤੀ

ਆਪੇ ਮੰਤਰ ਆਪ ਮਦਾਰੀ
ਆਪੇ ਪੈਦਲ ਆਪ ਸਵਾਰੀ

ਖੇਡ ਵੀ ਆਪ ਤੇ ਆਪ ਖਿਡਾਰੀ
ਆਪ ਸੁਹਾਗਣ ਆਪ ਕੁੰਵਾਰੀ
ਆਪੇ ਮਾਲ ਤੇ ਆਪ ਵਿਪਾਰੀ
ਵਿਕਦਿਆਂ ਵਿਕਦਿਆਂ ਸ਼ਾਮਾਂ ਪਈਆਂ
ਸ਼ਾਮਾਂ ਅੰਦਰ ਰਾਤਾਂ ਰਹੀਆਂ
ਰਾਤਾਂ ਭੋਗ ਕੇ ਥੰਮੀ ਕੀਤੀ
ਹਿਜਰ ਦੀ ਰੁੱਤ ਇੰਝ ਲੰਮੀ ਕੀਤੀ।

## ਏਸ ਦੁਨੀਆ ਤੇ ਬੜੇ ਖਿਲਾਰੇ

ਇਕ ਵਾਰੀ ਦਿਲ ਸੋਚ ਜਾਵੇ
ਹਿਕ ਵਾਰੀ ਮੁੜ ਭੁਲਦਾ ਜਾਵੇ
ਹਿਕ ਵਾਰੀ ਤੇ ਤਾਂਘ ਸੱਜਣ ਦੀ
ਫਿਰ ਨਾ ਮੁੜਕੇ ਸੁਰਤ ਈ ਆਵੇ
ਔਖੇ ਨੇ ਦਿਨ ਚਾਰ ਗੁਜਾਰੇ
ਇਸ ਦੁਨੀਆ ਤੇ ਬੜੇ ਖਿਲਾਰੇ।

## ਜਿਹੜਾ ਦੱਸ ਨਾ ਹੋਵੇ

ਹਿਕ ਦੁੱਖ ਏ ਬਸ ਨਿੱਕਾ ਜਿਹਾ
ਜਿਹੜਾ ਦੱਸ ਨਾ ਹੋਵੇ
ਵਰਕਿਆਂ ਉਤੇ ਲਿਖ ਲਿਖ ਥੱਕਾਂ
ਪਰ ਉਹ ਬੱਸ ਨਾ ਹੋਵੇ
ਰਾਤ ਦੇ ਪਿਛਲੇ ਪਹਿਰ ਦਾ ਕਿੱਸਾ
ਦਿਲ ਦੇ ਘਰ ਦਾ ਥੱਲਵਾਂ ਹਿੱਸਾ
ਉਹਦੀ ਸੀਤ ਹਵਾ ਦਾ ਕਾਂਬਾ
ਜਿਹੜਾ ਹੱਡਾਂ 'ਚੋਂ ਨਹੀਂ ਜਾਂਦਾ
ਧੁੱਖਦੀ ਵੱਖੀ ਦਾ ਪਰਛਾਵਾਂ

ਕੋਰੇ ਕਾਗਜ ਦਾ ਸਿਰਨਾਵਾਂ

ਜਿਹੜਾ ਮੱਸ ਨਾ ਹੋਵੇ      ਭੁੱਲਣਾ
ਹਿਕ ਦੁੱਖ ਏ ਬਸ ਨਿੱਕਾ ਜਿਹਾ
ਜਿਹੜਾ ਦੱਸ ਨਾ ਹੋਵੇ।

## ਅਨ-ਉਲ-ਹੱਕ

ਰੱਬ ਨੇ ਇਕ ਮਹਿਬੂਬ ਬਣਾਇਆ
ਉਹਦੇ ਲਈ ਜਹਾਨ ਵਸਾਇਆ
ਉਹਨੂੰ ਅਰਸ਼ਾਂ ਤੀਕ ਬੁਲਾਇਆ
ਆਪਣੀ *ਦੀਦ* ਦਾ ਜਾਮ ਪਿਲਾ      ਦੀਦਾਰ
ਜੇ ਕੋਈ ਹੋਰ ਇਹ ਨਾਹਰਾ ਮਾਰੇ
ਇਸ਼ਕ ਦੀ *ਖਾਰੀ* ਸਿਰਤੇ ਚਾਵੇ      ਟੋਕਰੀ
ਉਹਨੂੰ *ਦਾਰ* ਸਜਾਵਾਂ ਦੇਵੇ      ਸੂਲੀ
ਸੂਲੀ ਚਾੜ੍ਹੇ!!

## ਮਿੱਟੀ ਦੀ ਮੈਂ ਗੋਲੀ

ਮਿੱਟੀ ਮੇਰਾ ਖੇਸ ਵਿਛਾਉਣਾ
ਮਿੱਟੀ 'ਤੇ ਮੈਂ ਸੁੱਤੀ
ਮਿੱਟੀ ਨੇ ਮੇਰਾ ਦੁੱਧ ਜਮਾਉਣਾ
ਮਿੱਟੀ 'ਤੇ ਮੈਂ ਸੁੱਕੀ
ਮਿੱਟੀ ਮੈਨੂੰ ਪਾਰ ਲੰਘਾਵੇ
ਮਿੱਟੀ ਅੰਦਰ ਖੜਦੀ
ਮਿੱਟੀ ਉਤੇ ਬੈਠੇ ਬੈਠੇ
ਮਿੱਟੀ ਮੇਰੀ ਝੜਦੀ
ਮਿੱਟੀ ਮੇਰਾ ਹਰਫ਼ ਇਸ਼ਾਰਾ
ਮਿੱਟੀ ਮੇਰੀ ਬੋਲੀ
ਮਿੱਟੀ ਮੇਰੀ *ਫੂੜ੍ਹ ਮੁਸੱਲਾ*      ਚਟਾਈ, ਨਮਾਜ ਪੜ੍ਹਨ ਵਾਲੀ ਫੂੜ੍ਹ
ਮਿੱਟੀ ਮਾਂ ਦੀ ਝੋਲੀ
ਮਿੱਟੀ ਮੇਰਾ ਕੁੜਤਾ
ਮਿੱਟੀ ਮੇਰੀ ਚੋਲੀ
ਮਿੱਟੀ ਨਾਲ ਮੈਂ ਈਦ ਮਨਾਵਾਂ
ਮਿੱਟੀ ਖੇਡਾਂ ਹੋਲੀ

ਮਿੱਟੀ ਮੇਰੀ ਪੀਂਘ ਦਾ ਹੂਟਾ
ਮਿੱਟੀ ਵੱਲ ਮੈਂ ਗੋਲੀ
ਮਿੱਟੀ ਵੱਲ ਮੈਂ ਸੰਗ ਸਹੇਲੀ
ਮਿੱਟੀ ਵਲ ਹਮਜੋਲੀ

ਮਿੱਟੀ ਮੇਰਾ ਚੰਨਣ ਚਰਖਾ
ਮਿੱਟੀ ਮੇਰੀ ਡੋਲ਼ੀ!!

## ਬੈਠੀ ਕਾਗ ਉਡਾ

ਮਿੱਤਰ ਗਏ ਪਰਦੇਸ
ਦੇਸ ਹੋਏ ਪਰਦੇਸ
*ਦਿੰਹ* ਵਟਾਏ ਵੇਸ ਦਿਨ
ਤੇਰੇ ਅੰਦਰ ਲੱਗੀ ਢਾਹ
ਆਵੇ ਕਿਵੇਂ ਸਾਹ
ਪੈਂਡਾ ਲੰਮਾ ਭੁੱਲਿਆ ਵਿਹੜਾ
ਬੈਠੀ ਕਾਗ ਉਡਾ।

## ਵਸਲ ਦੀ ਰੁੱਤ

ਤੂੰ ਇੰਝ ਤੱਕਿਆ
ਵਸ ਦੇ ਲੰਮੇ ਪੈਂਡੇ ਅੰਦਰ
ਮੇਰੀ ਜਾਨ ਕੇ ਰੋਈ
ਪਿਛੋਂ ਮੁੜ ਕੇ ਤੱਕਿਆ
ਤੇ ਫੇਰ
ਆਪਣਾ ਆਪ ਈ ਦਿੱਸਿਆ ਮੈਨੂੰ
ਕਲਮ ਕੱਲਾ
ਹੱਥਾਂ ਦੇ ਵਿਚ
ਸੋਚਾਂ ਵਾਲਾ ਸੂਹਾ ਪੱਲਾ
ਸੀਨੇ ਅੰਦਰ
ਉਹ ਈ ਦਿਲ
ਸਦੀਆਂ ਦਾ ਝੱਲਾ
ਤੇਰੇ ਅਜੰਡੇ ਵਿਚ ਜੀ ਲੈਂਦੀ
ਵਸਲਾਂ ਅੱਗੇ ਹਾਰ ਗਈ

ਜਾਹ ਵੇ ਮਿੱਤਰਾ
ਮੈਨੂੰ ਤੇਰੇ ਵਸਲ ਦੀ ਰੁੱਤ ਈ
ਮਾਰ ਗਈ।

## ਆਦਮ ਬੂ

ਸ਼ਹਿਰ ਦੇ ਵਿੱਚ ਮੈਂ ਕੱਲ੍ਹੀ ਰਹਿ ਗਈ
ਕੋਈ ਨਾ ਮੇਰੇ ਆਸੇ ਪਾਸੇ
ਆਲ ਦੁਆਲੇ ਚੁੱਪ ਦੀ ਘੁਕਰ
ਮੇਰਿਆਂ ਆਪਣਿਆਂ ਸਾਹਵਾਂ ਦੀ
ਗੂੰਜਾਂ ਪਾਉਂਦੀ ਨੱਚਦੀ *ਸ਼ੁਕਰ* ਛਾਂ ਛਾਂ
ਸੜਕਾਂ ਗਲੀਆਂ ਮਹਿਲ ਦੋ ਮਹਿਲੇ
ਖਾਲੀ ਮਖਾਲੀ ਕੇਡ ਅਕੇਲੇ
ਵਸਦਿਆਂ ਲੋਕਾਂ ਵਾਲੇ ਵਿਹੜੇ
ਵਿਹੜੇ ਤੇ ਧੁੱਪਾਂ ਦੇ ਪਹਿਰੇ
ਚਾਰ ਚੁਫੇਰੇ ਪਿੱਛੇ ਪਿਛੜ ਪਾਈਆਂ
ਜਿਨ੍ਹਾਂ ਲਾਏ ਹਰ ਥਾਂ ਡੇਰੇ
ਜਿਨ੍ਹਾਂ ਸੁੱਖਾਂ ਨੂੰ *ਸੋਂਹ* ਲਈ ਸੰਨ੍ਹ
ਪਾਏ ਮੇਰੀ ਜਿੰਦ ਤੇ ਘੇਰੇ
ਆਮ ਬੂ ਏ ਆਦਮ ਬੂ
ਪਿੱਛੇ ਜਿਹੜਾ ਰਹਿ ਗਿਆ ਬੰਦਾ
ਹੁਣ ਉਹ ਸਾਡੇ ਹਾਜਰ ਹੋ
ਆਦਮ ਬੋ ਏ ਆਦਮ ਬੋ!!

## ਇਕਲਾਪਾ

ਅੱਖ ਗਈ ਮੈਨੂੰ ਤੱਕਣ ਵਾਲੀ
ਰੁੱਤ ਗਈ ਮੈਨੂੰ ਮੰਗਣ ਵਾਲੀ
ਕਾਲੀ ਰਾਤ ਬਨੇਰੇ ਉਤਰੀ
ਮੈਂ ਕੱਲੀ ਤੈਨੂੰ ਸੋਚਣ ਵਾਲੀ।

## ਕਾਰਾ

ਇਹ ਸਮਝਾਂ ਨੇ ਬੇਲੋੜ ਦੀਆਂ

ਨਿੱਤ ਮਾਹੀ ਹੱਥੋਂ ਟੋਰਦੀਆਂ
ਮੁੜ ਬਹਿ ਕੇ ਅੱਥਰੂ ਰੋਲਦੀਆਂ
ਜਿੰਦ ਹਿਜਰਾਂ ਦੇ ਵਿਚ ਘੋਲਦੀਆਂ

ਇਹ ਸਮਝਾਂ ਨੇ ਬੇਸੁਰਤ ਦੀਆਂ
ਇੱਥੇ ਕੌਣ ਗਈਆਂ ਤੇ ਤੁਰਤ ਰਹੀਆਂ
ਇੱਥੇ ਸਭਨਾ ਕਾਰਾ ਬੰਨਿਆ
ਕੋਈ ਅੱਗੇ ਗਈਆਂ ਕੋਈ ਪਿੱਛੇ ਗਈਆਂ।

## ਲੇਖ ਤਮਾਸ਼ਾ

ਬਾਹਰ ਠੰਢੀਆਂ ਠਾਰ ਹਵਾਵਾਂ
ਅੰਦਰੋਂ ਆਵੇ ਸੇਕ
ਮੈਂ *ਮੰਦੀ* ਦਾ *ਉਜਰ* ਨਾ ਕੋਈ    ਨਕਾਰੀ, ਪੇਸ਼
ਖੱਬੇ ਵੜਦੇ ਨੇਕ
ਮੇਰੇ ਮੱਥੇ ਲੀਕ ਨਾ ਕੋਈ
*ਹਿਕ* ਨਾ ਸੋਖੇ ਲੇਖ    ਇਕ
ਤੂੰ ਜਿੰਦੇ ਲੁਕ ਆਪਣੇ ਉਹਲੇ
ਲੇਖ ਤਮਾਸ਼ਾ ਵੇਖ।

## ਗੁਆਚੀਆਂ ਨਜ਼ਮਾਂ ਦੀ ਕਹਾਣੀ

ਖ਼ਾਬ ਦੀ ਕੋਈ ਸ਼ਕਲ ਜੇ ਹੁੰਦੀ
ਤੇ ਮੈਂ ਉਹਦਾ ਨਾਂ
ਗੁਆਚੀਆਂ ਨਜ਼ਮਾਂ ਰੱਖ ਦੇਂਦੀ
ਉਹ ਨਜ਼ਮਾਂ ਜਿਹੜੀਆਂ
ਦਿਲ ਦੇ ਪੱਲੇ ਬੰਨ੍ਹ ਕੇ
ਮੈਂ ਵੇਲੇ ਦੇ ਹਵਾਲੇ ਕਰ ਦਿੱਤੀਆਂ ਸਨ
ਤੇ ਵੇਲਾ
ਉਨ੍ਹਾਂ ਨੂੰ
ਰਾਤ ਦੇ ਬੂਹੇ ਰੱਖ ਕੇ
ਭੁੱਲ ਗਿਆ ਸੀ
ਉਹ ਗੁਆਚੀਆਂ ਨਜ਼ਮਾਂ ਅਜੇ ਵੀ
ਰਾਤੀਂ ਟੁਰਨ ਵਾਲੇ ਮੁਸਾਫਰਾਂ ਤੋਂ

ਆਪਣੇ ਭੁੱਲੇ ਘਰ ਦਾ ਪਤਾ ਪੁੱਛਦੀਆਂ ਨੇ।

## ਦੁਆ

ਕੋਈ ਹਰਫ਼ ਨਾ ਦਿੱਸੇ ਬੁੱਝੇ
ਅਸਾਂ ਜਾਲ ਪ੍ਰੀਤਾਂ ਉਣੇ
ਨਾ ਕੁਝ ਧੁੱਪ ਦਾ ਸਾੜ ਈ ਲੱਗੇ
ਨਾ ਈ ਹਾਲ ਵਿਛੁੰਨੇ
ਸੇਕ ਵੇ ਬੀਬਾ ਸੇਕ ਅਜਿਹਾ
ਕੌਣ ਅੱਗਾਂ ਵਿਚ ਭੁੰਨੇ
ਕੁਝ ਕੁਝ ਕਰਦੀ ਕੁਝ ਰਹੀ
ਜਿੰਦ ਨੇ ਸਾਹ ਲਏ ਤਿੰਨੇ
ਟੁਰਦੀ ਟੁਰਦੀ ਪਿੱਛੇ ਹੋਜਾਂ
ਇਹ ਮਤ ਦਿਲ ਨਾ ਮੰਨੇ
ਜਿਨਾਂ ਮੰਨੀ ਅਸਲ ਫ਼ਕੀਰੀ
ਉਹ ਅੰਦਰੋਂ ਬਾਹਰੋਂ ਭੰਨੇ
ਕੀ ਹੋਇਆ ਅਸੀਂ ਬਾਲਣ ਬਣ ਗਏ
ਭੈੜੀ ਅੱਗ ਨਾ ਸਾਨੂੰ ਮੰਨੇ
ਕੀ ਹੋਇਆ ਅਸਾਂ ਮੰਦੇ ਹੋ ਗਏ
ਤੁਸੀਂ *ਸ਼ਾਲਾ* ਲੱਗੋ ਬੰਨੇ। ਰੱਬ ਕਰੇ

## ਰਾਂਝਾ ਸੱਭ ਦਾ ਸਾਂਝਾ

ਜਿਹੜੀ ਝਾਤੀਆਂ ਪਾਵੇ
ਤੇ ਪਰਦਾ ਪਾਵੇ
ਨਾ ਇਧਰ ਆਵੇ
ਨਾ ਉਧਰ ਜਾਵੇ
ਪਰ ਫਿਰ ਵੀ ਦਿਲ ਨੂੰ
ਉਹ ਕਿੱਡਾ ਭਾਵੇ
"ਚੱਲੋ ਢੂੰਡੀਏ
ਉਸ ਮਸਤਾਨੜੇ ਨੂੰ"
ਜਿਹਦੀ ਤ੍ਰਿੰਝਣਾਂ ਦੇ ਵਿੱਚ ਪਈ ਏ ਧੁੰਮ

ਕਦੀ ਇਸ਼ਕ ਸਜਾਵਾਂ
ਕਦੀ ਹੁਸਨ ਅਦਾਵਾਂ

ਕਦੀ ਹੰਝੂ ਹੌਕੇ
ਕਦੀ ਦੂਰ ਬਲਾਵਾਂ
ਕੀ ਮੂੰਹੋਂ ਬੋਲਾਂ
ਕੀ ਹਾਲ ਸੁਣਾਵਾਂ
ਵੇ ਰਮਜਾਂ ਵਾਲਿਆਂ ਆ ਵੜ ਵਿਹੜੇ
ਹੁਣ ਮੰਨ ਵੀ ਜਾਹ ਨਾ ਕਰ *ਝੇੜੇ* ਝਗੜੇ
"ਚੱਲੋ ਢੂੰਡੀਏ
ਉਸ ਮਸਤਾਨੜੇ ਨੂੰ"
ਜਿਹਦੀ ਤ੍ਰਿੰਝਣਾਂ ਦੇ ਵਿੱਚ ਪਈ ਏ ਧੁੰਮ

ਕਦ ਇਸ਼ਕ ਸਦਾਵਾਂ
ਏ ਠੰਢੀਆਂ ਛਾਵਾਂ
ਲਾ ਪਿੱਪਲ ਬੋਹੜੀਂ
ਨਾ ਮਾਹੀਏ ਗਾਵਾਂ
ਵੇ ਰਾਂਝਿਆ
ਸੱਭ ਦਿਆ ਸਾਂਝਿਆ
ਕਈ ਹੀਰਾਂ ਭੁੱਲੀਆਂ, ਮਿੱਟੀਆਂ ਵਿੱਚ ਰੁਲੀਆਂ
ਪਾ ਪੀਲੇ ਚੋਲੇ, ਗਲੀਆਂ ਵਿੱਚ ਭੁੱਲੀਆਂ
ਤੇ ਇਸ਼ਕ ਮਹੱਲੇ 'ਵਾਵਾਂ ਬਣ ਝੁੱਲੀਆਂ
"ਚੱਲੋ ਢੂੰਡੀਏ
ਉਸ ਮਸਤਾਨੜੇ ਨੂੰ"
ਜਿਹਦੀ ਤ੍ਰਿੰਝਣਾਂ ਦੇ ਵਿਚ ਪਈ ਏ ਧੁੰਮ।

## ਟੁਰਦੀ ਕਦੀ ਨਾ ਥੱਕਦੀ

ਇਕ ਪੀੜਾ ਜਿਹੀ ਹੁੰਦੀ ਏ
ਜਿਹੜੀ ਗੁੱਝੀ ਰਵ੍ਹੇ ਤੇ ਚਾਰ ਦਿਵਾਰੀ
ਖੁੱਲ੍ਹੇ ਤੇ
ਚਾਦਰ *ਖੱਸ* ਲੈਂਦੀ ਖੋਹਣਾ
ਜਿਹੜੀ ਸਬੂਤਿਆਂ ਵੇਲਿਆਂ ਨੂੰ

ਅੱਧ ਭੜਿਕਾ
ਤੱਤਿਆਂ ਹੰਝੂਆਂ ਨੂੰ
ਬੇ ਮੁਰਾਦਿਆਂ ਕਰਦੀ ਏ
ਜਿਹੜੀ *ਸਾਵੀਆਂ* ਰੁੱਤਾਂ ਦੇ — ਹਰੀਆਂ/ਬਹਾਰਾਂ

ਸੀਨੇ ਵਿਚ
*ਸਾਂਗ* ਵਾਂਗ ਖੁੱਭ ਜਾਂਦੀ ਏ — ਛੁਰੀ
ਤੇ ਫਿਰ ਕਦੀ ਨਹੀਂ ਨਿਕਲਦੀ
ਜਿਹੜੀ ਹਿਜਰ ਤੇ ਵਿਸਾਲ ਨੂੰ
ਖਿਆਲ ਦੇ ਪੈਂਡੇ ਵਿੱਚ ਬੰਨ੍ਹ ਕੇ
ਸਿਰ ਉਤੇ ਚੁੱਕ ਕੇ ਟੁਰਦੀ ਏ
ਤੇ ਫਿਰ ਕਦੀ ਨਹੀਂ ਰੁਕਦੀ।

## ਦੁੱਖ ਤੇਰਾ ਨਾਂ ਕੀ ਏ

ਦੁੱਖ ਤੇਰਾ ਨਾਂ ਕੀ ਏ
ਤੇਰਾ *ਬਾਵਾ ਆਦਮ* ਕਿਹੜਾ ਏ — ਵੱਡੇ ਵਡੇਰੇ/ਪੁਰਖੇ
ਤੇਰਾ ਮੁੱਢ ਮੁਢੋਕਲ ਕੌਣ ਏ
ਤੇਰਾ ਰਾਹੂ ਦਰਦ ਦਾ *ਆਹੂ* — ਹਿਰਨ
ਹਿਜਰ ਦਾ *ਝੁਲਕਾ* — ਰੁੱਗ
ਕੌਣ ਬਣੇ
ਤੇਰਾ ਧੜਕਾ
ਅੱਖ ਨਾ ਲੱਗਣ ਦੇਵੇ
ਤੇਰੇ ਪਿੰਜਰੇ ਵਿੱਚ
ਫੜ ਫੜ ਕਰਦੀ
ਫੱਟੜ ਮੈਨਾ
ਅੱਧ ਭੜਕਿਆਂ ਸਾਹਵਾਂ ਨਾਲ
ਜੀਵੇ ਤੇ ਕੀਕਨ

ਦੁੱਖ ਤੇਰਾ ਨਾਂ ਕੀ ਏ
ਪਰਮ, ਪ੍ਰੀਤ, ਮੁਸਾਫ਼ਰੀ ਯਾ ਭੁਲੇਖਾ
ਕਦੀ ਕਦੀ ਮੈਨੂੰ ਲਗਦਾ ਏ
ਤੂੰ ਘੜਿਆ ਮੁੜਿਆ ਰੱਬ ਏਂ
ਉਹਦੇ ਵਰਗਾ

ਬੇ ਪ੍ਰਵਾਹ, ਬੇਚਿੱਤਾ
ਉਹਦੇ ਵਰਗਾ
ਰੰਗ ਰੰਗੀਲਾ ਤੇ ਮਨ ਮੌਜੀ
ਉਹਦੇ ਵਰਗਾ

ਛੈਲ ਛਬੀਲਾ ਉਚਾ
ਜੀਦ੍ਹਾ ਨਾਂ ਲੈਂਦੀ
ਅੱਖ ਸੜਦੀ ਨਾਲੇ ਭੁੱਜਦੀ
ਜਿਹਦਾ ਹਾਉਕਾ
ਕੰਧਾਂ ਤੋਂ ਅੱਗੇ
ਅਰਸ਼ ਨੂੰ ਸੱਟ ਮਾਰੇ
ਜਿਹਦਾ ਨਾਂ ਲੈਂਦੀ
ਜਿੰਦ ਧੁੱਖਦੀ ਜਾਵੇ।

## ਅੱਖ ਦਾ ਹਾਉਕਾ

ਰੱਬਾ! ਮੇਰੇ ਦਰਦ ਦਾ ਪਰਦਾ ਚਾਕ ਕਰੀਂ ਪਾੜਨਾ
ਮੇਰੇ ਰੋਗ ਦੀ ਬੇੜੀ ਪਾਰ ਕਰੀਂ
ਰੱਬਾ ਮੈਨੂੰ ਖਿਆਲ ਦੇ ਪੰਧ ਵਿੱਚ
ਅੱਧ ਭੜਕਿਆਂ ਸਾਹਵਾਂ ਦਾ
ਬਿਮਾਰ ਕਰੀਂ
ਮੈਨੂੰ ਰੱਤੀ ਰੱਤ ਵਿਚ
ਪੀਲੇ ਫੁੱਲ ਦਾ ਹਾਰ ਕਰੀਂ
ਮੇਰੀ ਆਸ ਨਿਰਾਸ ਕਰੀਂ
ਪਰ ਮੇਰੀ ਬੀਜ ਸਵੀਕਾਰ ਕਰੀਂ।

## ਅੱਗ ਨੂੰ ਹੁਣ ਸਮਝਾਣਾ ਕੇਹਾ!!

ਸੱਜਣ ਦੂਰ ਦਿਲਾਂ ਤੋਂ ਉਹਲੇ
ਹਿਜਰ ਦੀ 'ਵਾ ਦੇ ਤੱਤੇ ਝੋਲੇ
ਔਰ ਖੇਤਾਂ ਤੋਂ ਦੂਰ ਦਿਸੇਂਦਾ
ਜਿਸ ਦਾ ਡੰਮਰੂ ਅੰਦਰ ਬੋਲੇ
ਅਰਸ਼ਾਂ ਉੱਤੇ ਪੈ ਗਿਆ ਰੌਲਾ
ਪੈਰਾਂ ਥੱਲੇ ਦੁਨੀਆ ਡੋਲੇ
ਕੋਈ ਦਰਦ ਵਪਾਰੀ ਲੱਭੇ

ਜਿੰਦੜੀ ਮੁੱਲ ਰੱਤੀਆਂ ਨਾ ਤੋਲੇ
ਬਲਦੀ ਤੋਂ ਸਮਝਾਣਾ ਕੇਹਾ
ਸ਼ੁਹਲਿਆਂ ਵਿੱਚ ਹੱਥ ਪਾਣਾ ਕੇਹਾ
ਸੁਪਨਿਆਂ ਨੂੰ ਗਲ ਲਾਣਾ ਕੇਹਾ।

## ਫੁੱਲ ਵਾਲਾ ਨਾ ਆਇਆ

ਅਸੀਂ ਉਮਰਾਂ ਲਾਈਆਂ ਸਿੱਖਣ ਵਿੱਚ
ਸਾਨੂੰ ਸਾਰਿਆਂ ਸਬਕਾਂ ਕੀਤਾ *ਜਿੱਚ* ਤੰਗ
ਨਾ ਈ ਅਸੀਂ ਕੁਝ ਬੋਲ ਸਕੇ
ਨਾ ਗੁੰਗਿਆਂ ਰਹਿਣਾ ਆਇਆ
ਅਸੀਂ ਵਾਂਗ ਭੁਲੇਖਿਆਂ ਜੀਂਦੇ ਰਏ੍ਹ
ਵੇਲੇ ਦਾ ਦਾਰੂ ਪੀਂਦੇ ਰਏ੍ਹ
ਅਸੀਂ ਹਿਜਰ ਦੇ *ਮਾਰੂ* ਰਾਹ ਪੈ ਗਏ ਘਾਤਕ
ਅਸੀਂ ਦਰਦ ਵਿਛੋੜਾ ਪਾਇਆ
ਸਾਨੂੰ ਮਰਜ ਉਮੀਦ ਦਾ ਲੱਗਿਆ ਸੀ
ਅਸੀਂ ਆਪਣੇ ਆਪ ਨੂੰ ਠੱਗਿਆ ਸੀ
ਅਸੀਂ ਗੱਡ ਸੀਨੇ ਤੇ ਚਾਅ ਤੁਰ ਪਏ
ਇਹ ਮਨ ਸਾਡਾ ਜਖ਼ਮਾਇਆ
ਅਸੀਂ ਬੋਲ ਬੁਲੇਂਦੇ ਈ ਰਹਿ ਗਏ
ਅਸੀਂ ਦੱਸਣਾ ਦੱਸਣਾ ਮੰਗਦੇ ਰਏ
ਕੋਈ ਮਰਜ ਬੁੱਝਣ ਨਾ ਆਇਆ
ਸਾਡੇ ਸਗਨ ਸੁਨੇਹੜੇ ਰੋਂਦੇ ਰਏ੍ਹ
ਅਸੀਂ ਫੱਟ ਪ੍ਰੀਤਾਂ ਦੇ ਧੋਂਦੇ ਰਏ੍ਹ
ਅਸੀਂ ਜਿਉਣਾ ਜਿਉਣਾ ਕਰਦੇ ਰਏ੍ਹ
ਸਾਡਾ ਮੌਤ ਨੇ ਮੁੱਲ ਚੁਕਾਇਆ
ਸਿਰ *ਭੋਸ਼ਨ* ਰੁੱਤ ਦੇ ਰੂਪ ਵਾਲਾ ਓੜ੍ਹਣੀ
ਉਤੋਂ *ਦਿੰਹ* ਦਾ ਮੂੰਹ ਵੀ ਸ਼ਾਹ ਕਾਲਾ ਦਿਨ
ਅਸੀਂ ਜੁਲਮਾਂ ਦਾ ਸ਼ਿੰਗਾਰ ਕੀਤਾ
ਕੋਈ ਡੋਲਾ ਕੱਢਣ ਨਾ ਆਇਆ
ਜਿਹੜੀ ਥਾਵੇਂ ਸਾਡਾ ਘਰ ਬਣਿਆ
ਉਥੇ ਫੁੱਲ ਵਾਲਾ ਨੀ ਆਇਆ

(ਨਸਰੀਨ ਦੀ ਯਾਦ ਵਿੱਚ *ਨੌਹਾ*) ਮਰਸੀਆ

## ਦਿਲ ਦੇ ਅੱਗੇ ਖਲੋਤੀ ਮੈਂ

ਦਿਲ ਮੈਂ ਤੇਰੇ ਤੋਂ
ਬੜੀ ਸ਼ਰਮਿੰਦੀ ਆਂ
ਮੈਂ ਤੇਰੀ ਕਦੀ ਨਹੀਂ ਸੀ ਮੰਨੀ
ਕਿਉਂ ਜੇ ਮੈਂ
ਅਕਲ ਦੀ ਉਂਗਲੀ ਫੜ ਕੇ
ਟੁਰਦੀ ਸੈਂ
ਮੈਨੂੰ ਯਾਦ ਏ
ਤੂੰ ਇਕ ਵਾਰੀ
ਬੜੀ ਜਿਦ ਕੀਤੀ
ਮੈਂਟਲ ਹਸਪਤਾਲ ਦੇ
ਵਿੱਚ ਕੱਚੀ ਮਿੱਟੀ ਦੇ ਖਿਡਾਉਣੇ ਵਾਂਗ
ਬੰਦੇ ਨੂੰ ਵੇਖ ਕੇ
ਸੀਨੇ ਲਾਣ ਦੀ
ਤੇ ਉਹਦਿਆਂ ਰੇਤ ਭਰਿਆਂ ਵਾਲਾਂ ਨੂੰ
ਸੈਂਪੂ ਕਰਕੇ ਸੁਆਰਨ ਦੀ
ਤੇ ਉਹਨੂੰ
ਆਪਣੇ ਹੱਥ ਨਾਲ

ਰੋਟੀ ਖੁਆਉਣ ਦੀ
ਪਰ ਮੈਂ ਤੇਰੀ
ਇਕ ਨਾ ਮੰਨੀ
ਤੇ ਆਪਣੇ ਰੇਸ਼ਮੀ ਕਪੜੇ ਸੰਭਾਲਦੀ
ਉਥੋਂ ਉੱਠ ਆਈ
ਫੇਰ ਮੈਨੂੰ ਯਾਦ ਏ
ਤੂੰ ਕਈ ਵਾਰੀ
*"ਰਫ਼ੀਕ"* ਦੇ ਮੱਥੇ ਦੇ ਫੱਟ ਉੱਤੇ ਦੋਸਤ
ਭਿਣਕਦੀਆਂ ਮੱਖੀਆਂ
ਉਡਾਣ ਦੀ ਸੋਚੀ
ਉਹਨੂੰ ਕੋਲ ਬਹਾ ਕੇ
ਉਹਦੇ ਮੈਲੇ ਅੱਥਰੂ
ਪੂੰਝਣ ਦਾ *ਉਰੂ* ਕੀਤਾ ਕੋਸ਼ਸ਼
ਉਹ ਦੀ ਡਿੱਗੀ ਹੋਈ *ਕੰਡ* ਉਤੇ ਪਿੱਠ

## ਹੱਥ ਰੱਖ ਕੇ

ਉਹਨੂੰ ਦਿਲਾਸਾ ਦੇਣ ਦੀ ਸੋਚੀ
ਪਰ ਮੈਂ ਆਪਣਿਆਂ ਸੁਥਰਿਆਂ ਹੱਥਾਂ
ਤੇ
ਵੱਡਿਆਈ ਦੇ ਉੱਚੇ ਚੁਬਾਰੇ ਵੱਲ ਵੇਖਦੀ ਰਹਿ ਗਈ
ਤੇ ਰਫ਼ੀਕ ਮੈਲੇ ਅੱਥਰੂ ਕੇਰਦਾ
ਮੱਖੀਆਂ ਭਿਣਕਾਂਦਾ
ਉਥੋਂ ਉੱਠ ਗਿਆ
ਦਿਲ ਮੈਨੂੰ ਯਾਦ ਏ
ਤੂੰ ਇਕ ਵਾਰੀ
ਚੰਨ ਨੂੰ
ਝੋਲੀ ਪਾਣ ਦੀ
ਬੜੀ ਜ਼ਿਦ ਕੀਤੀ ਸੀ
ਤੇਰੀਆਂ ਅੱਖਾਂ
ਚਾਨਣੀ ਦੀ ਲੋਅ ਨਾਲ
ਉਦੋਂ ਪੂਰੀਆਂ ਭਿੱਜਦੀਆਂ
ਮੈਂ ਤੱਕੀਆਂ ਸਨ
ਤੇਰੇ ਅੰਦਰੋਂ
ਪਿਛਲੀ ਰਾਤ ਦੀ
ਤਰੇਲ ਦਾ ਨਿੱਕਾ ਨਿੱਕਾ ਹਾਸਾ
ਮੇਰਿਆਂ ਕੰਨਾਂ ਵਿਚ
ਡੁੱਲ੍ਹਿਆ ਸੀ
ਪਰ ਮੈਂ
ਅਕਲ ਦਾ ਭਰਿਆ ਬਟੂਆ
ਹੱਥ ਵਿੱਚ ਫੜ ਕੇ
ਅੱਗੇ ਲੰਘ ਗਈ ਸਾਂ
ਤੇਰੀਆਂ ਅੱਖਾਂ
ਅਜੇ ਤੀਕਰ
ਮੈਨੂੰ ਪਿੱਛੋਂ ਮੁੜ ਮੁੜ ਤੱਕਦੀਆਂ
ਦਿਸਦੀਆਂ ਨੇ
ਦਿਲ ਤੂੰ ਹਾਲੇ ਤੀਕ
ਉਥੇ ਈ ਖਲੋਤਾ ਏਂ
ਮੈਂਟਲ ਹਸਪਤਾਲ, ਰਫ਼ੀਕ ਤੇ ਚੰਨ ਕੋਲ
ਪਰ ਮੈਂ
ਇਨ੍ਹਾਂ ਤੋਂ ਅੱਗੇ ਲੰਘ ਆਈ ਆਂ
ਪਿੱਛੋਂ ਪਰਤ ਕੇ ਵੇਖਨੀ ਆਂ

ਤੇ!!

## ਅੰਦਰੋਂ ਕੌਣ ਉਧੇੜੇ

ਲਾਂਬੂ ਬਲਦੇ ਚਾਰ ਚੁਫੇਰੇ
ਮੈਨੂੰ ਅੰਦਰੋਂ ਕੌਣ ਉਧੇੜੇ
ਜਿਨ੍ਹੇ ਮੇਰਾ ਆਪ ਝੁਕਾਇਆ
ਉਹ ਮੈਨੂੰ ਦਿਸੇ ਨਾ ਵਿਹੜੇ
ਜਿਸ ਥਾਵੇਂ ਮੈਂ ਅੱਪੜਾਂ ਮਰ ਕੇ
ਉਥੋਂ ਆ ਕੇ ਕੋਈ *ਫੇਰੇ* ਵਾਪਿਸ
ਪਿੱਛੇ ਪਰਤਾਂ ਰਾਹ ਨਾ ਦਿੱਸੇ
ਪੰਧ ਲਿਖੇ ਤੇ ਹਰਫ਼ ਨਾ ਨੇੜੇ
ਕਿਹੜੇ ਹਿਜਰ ਦੀ ਚੁਗਲੀ ਖਾਧੀ
ਕਿੱਥੋਂ ਮੇਰੇ ਵੱਸ ਪਏ ਖੇੜੇ
ਕਿੱਥੋਂ ਮੇਰੇ ਹੋਸ਼ ਨਿਖੁੱਟੇ
ਕਿੱਥੋਂ ਮੈਂ ਇਹ ਰੋਗ ਸਹੇੜੇ।

## ਬੋਲ ਸਜਾਵਾਂ

ਦਿਲ ਦੇ ਅੱਗੇ
ਅਰਮਾਨਾਂ ਦਾ ਕੱਚ ਖਿਲਾਰ
ਉਤੇ ਲਾ ਦਰਬਾਰ
ਬੈਠਾ *ਮੁਨਸਿਫ* ਹੋ ਜੱਜ
ਜੁਲਮ ਅਸਾਡੇ ਵਾਲੀਆਂ ਮਿਸਲਾਂ
ਖੋਲ੍ਹ *ਖ਼ਤਾਵਾਂ* ਹੋ ਗ਼ਲਤੀਆਂ
ਲੈ *ਸ਼ਹਾਦਤਾਂ* ਸੁਣ ਗਵਾਹੀਆਂ ਸੱਚ ਪ੍ਰਤੀ ਗਵਾਹੀ
ਪਾ ਤਰੀਕਾਂ ਬੋਲ ਸਜਾਵਾਂ ਹੋ।

## ਸਾਰੇ ਜੋਖ਼ਮ ਛੱਡ ਨੀ ਬੰਦੀਏ

ਗਿਆਨ ਧਿਆਨ ਦੇ ਰਾਹ ਪਈ ਤੇ ਭੁੱਲੀ ਕੁਲ ਜਹਾਨ
ਝੱਲੀ ਝੱਲੀ ਸਦਵਾਵੇ ਨਾਲੇ ਬਣੇ ਮਹਾਨ

ਅੱਖ ਵਿਚ ਝੁਲਕਾ ਫਿਕਰਾਂ ਵਾਲਾ ਹੋਠਾਂ 'ਤੇ ਮੁਸਕਾਨ
ਪੀਲੇ ਰੰਗ ਦੀ ਓਡਣੀ, ਜਿਹਦੇ ਪੱਲੇ ਏ ਭਗਵਾਨ

ਦਿਲ ਵਿਚ ਯਾਰ ਸੱਜਣ ਦਾ ਡੇਰਾ ਹੱਥਾਂ ਵਿੱਚ ਕੁਰਾਨ
ਔਖੀ ਮੰਜ਼ਿਲ ਲੰਮਾ ਪੈਂਡਾ ਨਿੱਕੀ ਨੰਨੀ ਜਾਨ
ਇੱਥੇ ਸਾਰੇ ਇਕੋ ਜਿਹੇ *ਹਿਕ* ਦੂਜੇ ਨੂੰ ਖਾਣ — ਇਕ
ਜਾਹ ਨੀ ਸਹੀਏ ਰਾਣੀਏ, ਤੇਰੀ ਕਿੱਥੇ ਗਈ ਸ਼ਾਨ
ਭੁੱਲ ਜਾ ਸਾਰੇ ਖਹਿੜੇ *ਝੇੜੇ,* ਆਪਣਾ ਆਪ ਪਛਾਣ — ਝਗੜੇ
ਸਾਰੇ ਜੋਖਮ ਛੱਡ ਨੀ ਬੰਦੀਏ, ਬਣਜਾ ਤੂੰ ਇਨਸਾਨ।

## ਜ਼ਿਮੀਆਂ ਉਤੇ ਆਣ ਖਲੋਤਾ ਰੱਬ

ਗਲ ਕਰੇ ਅਸਮਾਨਾਂ ਵਰਗੀ
ਸੂਰਤ ਇਹ ਇਮਾਨਾ ਵਰਗੀ
ਸ਼ਾਨ ਉਹਦੀ ਏ ਸ਼ਾਨਾਂ ਵਰਗੀ
ਜਿਸਮਾਂ ਦੇ ਵਿਚ ਜਾਨਾਂ ਵਰਗੀ।

## ਨਾ ਕੀਤੀਆਂ ਗੱਲਾਂ

ਦਿਲ ਕੋਠੇ ਦੇ ਉਹਲੇ ਕੌਣ ਖਲੋਤਾ ਏ
ਜਿਹੜਾ ਮੇਰਾ ਨਾਵਾਂ ਜਾਣਦਾ ਏ
ਜਿਹੜਾ ਹਿਜਰ ਦੇ ਪੈਂਡੇ ਮਾਰਦਾ ਏ
ਉਹ ਕੌਣ ਏ?
ਮੈਂ ਆਪਣੇ ਆਪ ਤੋਂ ਪੁੱਛਦੀ ਆਂ
ਨਾ ਕੀਤੀਆਂ ਗੱਲਾਂ ਸੁੱਝਦੀਆਂ
ਤੇ ਆਪਣੇ ਆਪ ਵਿੱਚ ਰੁੱਝਦੀਆਂ।

## ਮੇਰਾ ਹੁਜਰਾ

ਮੇਰੇ *ਹੁਜਰੇ* ਵਿੱਚ ਨਾ ਆਨਾ ਯਾਰ — ਕੋਠੜੀ
ਦਰਦਾਂ ਦਾ ਭੇਤ ਨਾ ਪਾਨਾ ਯਾਰ
ਮੇਰਾ ਹੁਜਰਾ ਅੰਗ ਮਸੀਤਾਂ ਦਾ
ਜਿੱਥੇ ਬਹਿ ਕੇ ਲਿਖਾਂ ਪ੍ਰੀਤਾਂ ਯਾਰ

ਮੇਰਾ ਹੁਜਰਾ ਹੁਸਨ ਕਮਾਲੀ ਏ
ਜਿੱਥੇ ਖਿਲਰਿਆ ਨੂਰ ਜਮਾਲੀ ਏ
ਜਿਹੜੀ ਅਣਦੇਖੀ ਅਣਭਾਲੀ ਏ
ਉਹਨੂੰ ਸਾਂਭਾਂ ਨਾਲ ਪ੍ਰੀਤਾਂ ਯਾਰ

ਮੇਰਾ ਹੁਜਰਾ ਦਰਦ ਕਹਾਣੀ ਏ
ਇਹ ਪੀੜ ਮੇਰੇ ਮਨ ਭਾਨੀ ਏ
ਤੂੰ ਜਾਨੀ ਤੇ ਮੈਂ ਜਾਨੀ ਏ
ਦੁਨੀਆ ਡਾਢੀ ਅਨਜਾਨੀ ਏ
ਨਾ ਤੱਕੋ ਦਿਲ ਦੀਆਂ ਡ਼ੀਤਾਂ ਯਾਰ
ਮੇਰਾ ਹੁਜਰਾ ਵਾਂਗ ਮਸੀਤਾਂ ਯਾਰ
ਮੇਰਾ ਹੁਜਰਾ ਸਾੜ ਹਿਯਾਤੀ ਦਾ
ਕਾਗ਼ਜ ਨਾ ਕਲਮ ਦਵਾਤੀ ਦਾ
ਫੁੱਲ ਬੂਟੇ ਰੁੱਖ ਨਾ *ਪਾਤੀ* ਦਾ — ਪੱਤੇ
ਵਿਚ ਜਿੱਤਾਂ ਧੁੰਮੀ *ਬਾਤੀ* ਦਾ — ਗੱਲ
ਇਹਨੂੰ ਰੱਖੇ ਨਾਲ *ਪਲੀਤਾਂ* ਯਾਰ — ਮਾੜਾ
ਮੇਰਾ ਹੁਜਰਾ ਅੰਗ ਮਸੀਤਾਂ ਯਾਰ।

ਮੇਰਾ ਹੁਜਰਾ ਦੀਦ ਸਵਾਲੀ ਏ
ਵਿਚ ਹਿਜਰਾਂ ਜਿੰਦੜੀ ਗਾਲੀ ਏ
ਤੁਸਾਂ ਨਹੀਂ ਜਾਲੀ ਅਸੀਂ ਜਾਲੀ ਏ
ਤਦ ਆਈ ਦਰਦ ਵਖਾਲੀ ਏ
ਸੁਣੀ ਕੂਕ ਤੇ ਪੱਕੀਆਂ ਪੀਲ੍ਹਾਂ ਯਾਰ
ਮੇਰਾ ਹੁਜਰਾ ਅੰਗ ਮਸੀਤਾਂ ਯਾਰ

ਮੇਰਾ ਹੁਜਰਾ ਰੋਗ ਪ੍ਰੀਤਾਂ ਦਾ
ਕੰਧਾਂ ਤੋਂ ਮਿਟੀਆਂ ਲੀਕਾਂ ਦਾ
ਜਿਹਨੂੰ ਨਹੀਂ ਸੁਣਿਆ ਉਨ੍ਹਾਂ ਚੀਕਾਂ ਦਾ
ਜਿਹੜੇ ਦੂਰ ਵਸਣ ਉਨ੍ਹਾਂ ਮੀਤਾਂ ਦਾ
ਸਾਨੂੰ ਤੱਕ ਤੱਕ *ਖੱਟੋ ਨਾ ਲੀਕਾਂ* ਦਾ — ਲੀਕ ਖੱਟਣਾ ਬਦਨਾਮੀ
ਮੇਰਾ ਹੁਜਰਾ ਅੰਗ ਮਸੀਤਾਂ ਦਾ

ਮੈਂ ਹੁਜਰੇ ਵਿਚ ਅੱਗ ਬਾਲੀ ਏ
ਜਿਹਨੂੰ ਕਹਿੰਦਾ ਇਸ਼ਕ ਮਿਸਾਲੀ ਏ

ਪਰ ਇਹ ਇਕ ਹੱਥ ਦੀ ਤਾਲੀ ਏ
ਦਿਲ ਲਗਦਾ ਪਲ ਪਲ ਖ਼ਾਲੀ ਏ
ਜਿਨੂੰ ਤੱਕਾਂ ਪਾਵਾਂ ਪੀਘਾਂ ਯਾਰ

ਮੇਰਾ ਹੁਜਰਾ ਅੰਗ ਮਸੀਤਾਂ ਯਾਰ।

## ਮੈਨੂੰ ਵੇਖਣ ਆਇਆ ਰੱਬ

ਤੁਸੀਂ ਰੱਬ ਨੂੰ *ਜੁਜਦਾਨ* 'ਚ ਰੱਖਿਆ — ਬਸਤਾ
ਮੈਂ ਤਾਂ ਬੋਝੇ ਪਾਇਆ ਰੱਬ
ਤੁਸੀਂ ਰੱਬ ਨੂੰ ਮੇਲੇ ਵਿੱਚ ਲੱਭਿਆ
ਮੈਂ ਤਾਂ ਬੁੱਕਲ ਪਾਇਆ ਰੱਬ
ਤੁਸੀਂ ਰੱਬ ਨੂੰ ਇਮਾਨ ਬਣਾਇਆ
ਮੇਰੇ ਮਨ ਵਿਚ *ਧੰਸਿਆ* ਰੱਬ — ਵੜਿਆਂ
ਤੁਸੀਂ ਰੱਬ ਨੂੰ ਸਿਰ ਮੱਥੇ ਰੱਖਿਆ
ਮੈਂ ਤਾਂ ਕੁੱਛੜ ਚਾਇਆ ਰੱਬ
ਤੁਸੀਂ *ਸੌਮ ਸਲਵਾਤਾਂ* ਵਿੱਚ ਰੱਬ ਮੰਗਿਆ — ਧਾਰਮਕ ਗੀਤਾਂ
ਮੈਂ ਤਾਂ ਨੱਚ ਬੁਲਾਇਆ ਰੱਬ
ਤੁਸੀਂ ਰੱਬ ਨੂੰ ਮਸਜਦ ਜਾ ਧਰਿਆ
ਮੈਂ ਤਾਂ ਸੀਨੇ ਲਾਇਆ ਰੱਬ
ਤੁਸੀਂ *ਤਸਬੀਰ* ਦੇ ਮਣਕੇ ਫੇਰੇ — ਸਿਮਰਨ
ਮੈਂ ਤਾਂ ਕੂਕ ਬੁਲਾਇਆ ਰੱਬ
ਤੁਸੀਂ ਰੱਬ ਨੂੰ *ਇਮਲਾਕ* ਬਣਾਇਆ — ਜਾਇਦਾਦ
ਮੈਂ ਤਾਂ ਰੱਜ ਰੱਜ ਵੰਡਿਆ ਰੱਬ
ਮੈਂ ਰੱਬ ਨੂੰ ਇੰਝ ਬਦਨਾਮ ਕੀਤਾ
ਮੈਨੂੰ ਵੇਖਣ ਆਇਆ ਰੱਬ।

## ਸੁਆਹ

ਵਰਕੇ ਕਾਲੇ ਸ਼ਾਹ ਮਾਏ
ਆਵੇ ਨਾ ਕਿਉਂ ਸਾਹ ਮਾਏ
ਦਿਲ ਦਰਿਆ ਵਿਚ ਘੁੰਮਣ ਘੇਰੀ
ਕੋਈ ਨਾ ਕਿਸੇ ਰਾਹ ਮਾਏ
ਉਹਦੇ ਵਰਗਾ ਹੋਰ ਨਾ ਕੋਈ

ਉਹ ਤੇ ਦਿਲ ਦਾ ਸ਼ਾਹ ਮਾਏ
ਹੱਥਾਂ ਨਾਲ ਉਡਾਈ ਬਹਿ ਕੇ
ਦਿਲ ਦੀ ਸਾਰੀ ਸੁਆਹ ਮਾਏ।

## ਮੈਂ ਸੋਚਦੀ ਆਂ

ਖ਼ਾਬਾਂ ਦੀ ਮੰਜਲ ਕਿੱਥੇ ਏ
ਕਿੱਥੇ ਏ ਖ਼ਾਬਾਂ ਦਾ ਸਿਰਨਾਵਾਂ
ਦਿਲਾਂ ਦੇ ਉਹਲੇ
ਬਹਿਕੇ ਲਿਖਣ ਵਾਲਿਆਂ ਦੇ ਹੱਥ
ਕਿਹੜੀਆਂ *ਤਾਬੀਰਾਂ* ਦਾ ਖ਼ਾਬ ਦਾ ਫ਼ਲ
ਮੌਸਮ ਦਿਖ ਨਹੀਂ ਸਕਦੇ
ਕਿਹੜੀਆਂ ਅੱਖਾਂ ਵਿਚ ਲਿਖ ਨਹੀਂ ਸਕਦੇ
ਨੀਂਦਰ
ਆਪਣੇ ਜੋਬਨ ਵਾਲਾ ਚੋਲਾ
ਸਾੜ ਕੇ ਸੁੱਟ ਜਾਂਦੀ ਏ
ਕਿਹੜੀਆਂ ਰੁੱਤਾਂ
ਹਿਜਰ ਦੇ ਸੱਚੇ ਮੌਸਮ
ਲਿਖ ਨਹੀਂ ਸਕਦੀਆਂ
ਕਿਹੜੇ ਰੰਗ ਬਹਾਰ ਦਾ ਭੇਤ ਲੁਕਾ ਨਹੀਂ ਸਕਦੇ
ਪਹਿਲੀ ਰੁੱਤ ਦੇ ਦੁੱਖ ਤੋਂ ਅੱਖ ਬਚਾ ਨਹੀਂ ਸਕਦੇ
ਕਿਹੜੇ ਮੀਤ ਨੇ
ਜਿਹੜੇ ਦਿਲ ਦੇ ਘਰ ਵਿਚ ਵੜਕੇ
ਵਾਪਿਸ ਜਾ ਨਹੀਂ ਸਕਦੇ
ਸਾਨੂੰ ਕੋਲ ਬੁਲਾ ਨਹੀਂ ਸਕਦੇ।

## ਬੁੱਢੀ ਨਾਨੀ ਦਾ ਵਿਹੜਾ

ਕੱਚਾ ਵਿਹੜਾ
ਵਿਹੜੇ ਦੇ ਵਿੱਚ ਅੰਬ ਦਾ ਬੂਟਾ
ਬੂਟੇ ਹੇਠ
ਬਨ੍ਹੇਰੀ ਉੱਤੇ ਚੁੱਲਾ ਚੌਂਕਾ
ਜਿਹਨੂੰ ਤਕਦਿਆਂ

"ਸੂਰਜ ਕਾਣਾ" ਹੋਵੇ ਔਖਾ
ਚੁੱਲ੍ਹੇ ਨੇੜੇ
ਲੱਕੜਾਂ ਵਾਲੀ ਕੱਚੀ ਬੈਲੀ
ਖੱਡੀ ਮੁੱਢ ਬਕਾਇਣ ਬੁੱਢੀ
ਉਹਦੇ ਨਾਲ *ਸਰਾਂਹਦੀ* ਪਾਸੇ ਸਰਾਹਣੇ
ਨਲਕੇ ਵਾਲੀ ਉੱਚੀ ਥਾਂ ਏ

ਜਿਹਦੀ ਕੰਧ 'ਤੇ
ਚਿਰਾਂ ਤੋਂ ਬੈਠਾ ਕਾਲਾ ਕਾਂ ਏ
"ਫਾਤਮਾ" ਤੇਲਣ

ਛਮ ਛਮ ਥਮ ਥਮ ਨਲਕਾ ਗੇੜੇ
ਚਾਂਦੀ ਵਰਗੇ ਪਾਣੀ ਦੇ ਨੇ ਲੰਮੇ ਫੇਰੇ
ਸੂਹੀ ਮਿੱਟੀ ਲਾਲ ਜਮਾਉਣਾ
ਫਾਤਮਾ ਦਾ ਏ ਢਾਕ ਖਿਡਾਉਣਾ
*ਧੰਮੀ* ਉਠ ਮਧਾਣੀ ਪਾਵੇ ਤੜਕੇ
ਦੁੱਧ ਜਮਾਉਣਾ ਜਾਗਾਂ ਲਾਵੇ
ਲੱਸੀ ਪੁਣ ਪੁਣ ਦੇਂਦੀ ਜਾਵੇ
*ਫੋਗ* ਕਾਵਾਂ ਨੂੰ ਪਾਉਂਦੀ ਜਾਵੇ ਸ਼ਿੱਦੀ
ਨਲਕੇ ਨਾਲ ਏ ਕੱਚਾ ਢਾਰਾ
ਜਿਸ ਦੀ ਥਾਂ ਦਾ ਢੇਰ ਖਿਲਾਰਾ
ਢਾਰੇ ਥੱਲੇ
ਮੁੰਜ ਦੀ ਮੰਜੀ
ਜਿਹਦੇ ਉਤੇ
ਉਮਰਾਂ ਪੱਬਾਂ ਭਾਰ ਲੰਘਾ ਕੇ
ਬੈਠੀ ਏ ਹੁਣ ਨਾਨੋ ਕੱਲ੍ਹੀ
ਉਹਦੇ ਹੱਥ ਵਿੱਚ
ਰਾਂਗਲੀ *ਖੱਜੀ* ਦੀ ਏ ਪੱਖੀ ਖੰਜੂਰ
ਪੱਖੀ ਝੱਲੇ ਮੁੜਕਾ ਪੂੰਝੇ
ਝੀਰੋ ਨੂੰ ਕੰਮ ਕਰਦਿਆਂ ਟੋਕੇ
ਉਹਦੀਆਂ ਝਿੜਕਾਂ ਅੰਦਰ ਖਵਰੇ
ਲੁਕੇ ਹੋਏ ਕਿਹੜੇ ਹੌਕੇ
ਹੌਕਿਆਂ ਨੂੰ ਉਹ ਦੁੱਖ ਦੀਆਂ
ਝੀਤਾਂ ਵਿਚ ਲੁਕਾਵੇ
ਸੁੱਖਾਂ ਦਾ ਉਹ ਦਿਲ ਪ੍ਰਚਾਵੇ
ਕੋਈ ਉਹਦੇ ਦਿਲ ਤੋਂ ਪੁੱਛੇ
ਸਿਖ਼ਰ ਦੁਪਹਿਰੇ

ਕਿਹੜੀ ਉਡੀਕ ਨੇ
ਕੋਈ ਖਾਂਦੀ ਦੇ ਹੱਥ ਰੋਕੇ
ਬਲਦੀ ਅੱਗ ਨਾ ਜਲ ਤਰੌਂਕੇ
ਪਰ ਨਾਨੀ
ਦੀਆਂ ਅੱਖਾਂ ਅੰਦਰ

ਦੁੱਖ ਦੀਆਂ ਟਿੰਡਾਂ
ਹਿਜਰ ਦੇ ਬੋਕੇ
ਲੰਮੀਆਂ ਸੁੱਤਾਂ ਪੈਂਡੇ ਫੋਕੇ
ਕਲਮ-ਕੱਲ੍ਹੀ ਸਦੀਆਂ ਤੋਂ ਉਹ
ਢਾਰੇ ਥੱਲੇ ਬਹਿ ਕੇ ਸੋਚੇ
ਕਿਹੜਿਆਂ ਚੁੱਲ੍ਹਿਆਂ ਕਿਹੜੇ ਚੌਂਕੇ
ਝੀਰੋ ਫਾਤਮਾ ਦਾ ਸੰਗ ਕਿਹੜਾ
ਜਾਹ ਨੀ ਜਾਂਦੀ ਏ
ਜੀਵਨ ਕੂੜੇ ਦੇ ਸਭ ਨੇ ਧੋਖੇ!!

- - - - - - - - - - -

"ਸੁਰਜੂ ਕਾਣਾ" - ਨਵੀਂ ਅੰਮਾਂ ਦਾ ਕਾਮਾ
"ਫਾਤਮਾ" - ਨਾਨੀ ਅੰਮਾਂ ਦੀ ਨੌਕਰਾਣੀ।

ਪੰਜਾਬੀ ਲਾਇਬ੍ਰੇਰੀ
PUNJABI LIBRARY

www.PunjabiLibrary.com